# ਕੌਸਾ ਪਾਣੀ
(ਕਾਵਿ ਸੰਗ੍ਰਹਿ)

ਚੰਗਾ, ਮਾੜਾ, ਹਾਸਾ, ਸਾੜਾ, ਰਲੇ ਮਿਲੇ,
ਜ਼ਿੰਦਗੀ ਹੈ ਇਕ ਭੁੱਲ ਭੁਲੱਈਆ ਧਰਮ ਸਿੰਹਾਂ

ਮੁਸ਼ਕਲ ਵਿੱਚ ਵੀ ਜੇਕਰ ਮਸਤੀ ਬਣੀ ਰਹੇ,
ਫਿਰ ਹੀ ਜੀਵਨ ਥੱਈਆ ਥੱਈਆ ਧਰਮ ਸਿੰਹਾਂ

ਧਰਮ ਕੰਮੇਆਣਾ

# ਕੌਸਾ ਪਾਣੀ

(ਕਾਵਿ ਸੰਗ੍ਰਹਿ)

ਧਰਮ ਸਿੰਘ ਕੰਮੇਆਣਾ

ਨਵਯੁੱਗ ਪਬਲਿਸ਼ਰ, ਨਵੀਂ ਦਿੱਲੀ

KOSA PANI (Book of Poetry)
by- Dharam Singh Kammeyana
F-707, A zad Nagar, Street No. 11,
Patiala-147004 (Punjab)
Cell -98760-62329

NAVYUG PUBLISHERS
K-24, Hauz Khas, New Delhi-110016
Phones: 011-26802488, 26518248
Email: navyugpublishers@gmail.com

© ਲੇਖਕ 2025

ISBN- 978-81-19838-56-1

ਪ੍ਰਕਾਸ਼ਕ: ਨਵਯੁਗ ਪਬਲਿਸ਼ਰਜ਼
K-24, ਹੌਜ਼ ਖ਼ਾਸ, ਨਵੀਂ ਦਿੱਲੀ-110016
ਫ਼ੋਨ: 011-26802488, 26518248

ਕੰਪਿਊਟਰ: ਸਵੀਨੀ ਕੰਪਿਊਟਰ
ਅਮਰਜੀਤ ਸਿੰਘ ਲਾਂਬਾ
94178-44631, 97685-16669

ਛਾਪਕ: ਐਚ.ਐਸ. ਆਫਸੈਟ
ਦਰਿਆ ਗੰਜ, ਨਵੀਂ ਦਿੱਲੀ-110002

ਮੁੱਲ: 325 ਰੁਪਏ

## ਸਮਰਪਣ

ਸਮਰਥ ਤੇ ਨਿਰਪੱਖ
ਅਲੋਚਕਾਂ
ਤੇ ਸੂਝਵਾਨ ਪਾਠਕਾਂ ਨੂੰ

ਕੁੱਝ ਤਾਂ ਹੁੰਦੇ ਨੇ ਹਾਲਾਤ ਵੀ ਦੋਸ਼ੀ ਇਸ ਦੇ ਲਈ,
ਕਈਆਂ ਨੂੰ ਪਰ ਜੀਣ ਦਾ ਸਲੀਕਾ ਵੀ ਨਹੀਂ ਹੁੰਦਾ।

ਧਰਮ ਸਿੰਘ ਕੰਮੇਆਣਾ

# ਪਹਿਲਾਂ ਪ੍ਰਕਾਸ਼ਿਤ ਪੁਸਤਕਾਂ

## ਕਾਵਿ - ਸੰਗ੍ਰਹਿ

- ਸੂਲਾਂ ਵਿੰਨ੍ਹੇ ਫੁੱਲ (ਜਨਵਰੀ 1978)
- ਪੂਜਾ (ਦਸੰਬਰ 1978)
- ਮੈਨੂੰ ਹਸਣਾ ਭੁੱਲ ਗਿਆ ਮਾਂ ! (1982)
- ਦੁੱਲਾ ਪਿੰਡੀਓਂ ਤੁਰ ਪਿਆ (1991)
- ਸਮਕਾਲ (1992)
- ਅੱਗ ਦੇ ਫੁੱਲ (1996)
- ਨਵੀਆਂ ਪੈੜਾਂ (1997)
- ਉਪਰਾਮ ਮੌਸਮ (2008)
- ਉਮਰਾਂ ਦੀ ਫੁਲਕਾਰੀ (2011)
- ਉਮੀਦ (2014)
- ਦੁਮੇਲ (2015)
- ਸੁਲਗਤੇ ਨਾ ਬੁਝ ਜਾਣਾ (ਹਿੰਦੀ : 2018)
- ਓਰੇ (2021)

## ਗੀਤ-ਸੰਗ੍ਰਹਿ

- ਜਾਗ ਕਿਸਾਨਾਂ ਜਾਗ (1992)
- ਕੋਈ ਕੋਈ ਦੀਵਾ ਬਲੇ (2013)
- ਮਿੱਟੀ ਦਾ ਮੋਰ (2024)
- ਪੋਹਲ਼ੀ ਦੇ ਫੁੱਲ (2024)

## ਕਾਵਿ-ਨਾਟ

- ਸਾਹਿਬਾਂ (1980)

## ਵਾਰਤਕ

- ਕੰਮੇਆਣਾ : ਮੇਰਾ ਜਨਮ ਸਥਾਨ (2021)

## ਸਵੈ-ਜੀਵਨੀ

- ਮੇਰੀ ਗੀਤਕਾਰੀ ਦਾ ਸਫ਼ਰ (2004)
- ਟੁੱਟੇ ਹੋਏ ਪੁਲ਼ (2019)

## ਨਾਵਲ

- ਆਪਣੇ ਬਿਗਾਨੇ (2010)
- ਉੱਖੜੇ ਸੁਰ (2012)

- ਸ਼ਹਿਰ ਵੱਲ ਜਾਂਦੀ ਸੜਕ (2018)
- ਸ਼ਹਿਰੀ ਕੀ ਔਰ ਜਾਤੀ ਸੜਕ (ਹਿੰਦੀ 2018)
- ਉੱਖੜੇ ਸੁਰ (ਹਿੰਦੀ 2018)
- ਸਤਲੁਜ ਦੇ ਆਰ-ਪਾਰ (2021)
- 378 ਦਿਨ : ਜਿਨ੍ਹਾਂ ਦਿੱਲੀ ਹਿਲਾ ਦਿੱਤੀ (2023)

## ਬਾਲ ਸਾਹਿਤ

- ਭੋਲੂ (ਬਾਲ ਨਾਵਲ : 2017)
- ਭੋਲੂ (ਹਿੰਦੀ ਬਾਲ ਨਾਵਲ : 2017)
- ਇਨਾਯਾ (ਬਾਲ ਕਵਿਤਾਵਾਂ : 2018)
- ਨਿਆਣਪੁਣਾ (ਬਚਪਨ ਦੀਆਂ ਯਾਦਾਂ : 2018)
- ਮਿਹਨਤ ਦਾ ਫਲ (ਬਾਲ ਨਾਵਲ : 2018)
- ਤੁਣਕ ਤੁਣਕ ਤੁਨ (ਬਾਲ-ਨਾਵਲ : 2017)
- ਪਟਿਆਲਾ ਤੋਂ ਮੈਕਲੋਡਗੰਜ (ਸਫ਼ਰਨਾਮਾ : 2019)
- ਤਿੰਨ ਸਹੇਲੀਆਂ (ਬਾਲ ਕਹਾਣੀਆਂ : 2024)

## ਸਫ਼ਰਨਾਮਾ

- ਦੂਨ ਵੈਲੀ 'ਚ ਵਿਚਰਦਿਆਂ (2018)

## ਮਿੰਨੀ ਕਹਾਣੀਆਂ

- ਅੰਦਰਲੀ ਗੱਲ (2022)

## ਲੇਖਕ ਦੀਆਂ : ਸਾਹਿਤਕ ਰਚਨਾਵਾਂ ਕੁਝ ਖੋਜ ਪੁਸਤਕਾਂ

- ਧਰਮ ਕੰਮੇਆਣਾ ਦਾ ਕਾਵਿ-ਚਿੰਤਨ : ਬਹੁ-ਪੱਖੀ ਅਧਿਐਨ (2011) -ਡਾ. ਸੁਖਜੀਤ ਕੌਰ
- ਧਰਮ ਕੰਮੇਆਣਾ ਦਾ ਕਾਵਿ-ਜਗਤ (2016) -ਪ੍ਰੋ. ਗੁਰਪ੍ਰੀਤ ਸਿੰਘ
- ਧਰਮ ਕੰਮੇਆਣਾ ਦੇ ਨਾਵਲ ਸੰਵਾਦ ਤੇ ਸਮੀਖਿਆ (2018) -ਪ੍ਰੋ. ਗੁਰਪ੍ਰੀਤ ਸਿੰਘ

## ਹੋਰ

- 125 ਤੋਂ ਵੱਧ ਗੀਤ ਪ੍ਰਸਿੱਧ ਗਾਇਕ/ਗਾਇਕਾਵਾਂ ਦੀਆਂ ਆਵਾਜ਼ਾਂ ਵਿਚ, ਫ਼ੀਚਰ ਫ਼ਿਲਮਾਂ, ਟੀ. ਵੀ. ਸੀਰੀਅਲ, ਆਡੀਓ ਕੈਸਟਾਂ, ਸੀ. ਡੀਜ਼ ਤੇ ਵੀ. ਸੀ.ਡੀਜ਼ ਵਿਚ ਅਤੇ ਰੇਡੀਓ- ਟੀ. ਵੀ. ਉਪਰ ਰਿਕਾਰਡ ਹੋਏ।
- ਕਈ ਕਵਿਤਾਵਾਂ ਦੇ ਹਿੰਦੀ ਤੇ ਅੰਗਰੇਜ਼ੀ ਸਮੇਤ ਕਈ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋਏ।
- ਵੱਖ-ਵੱਖ ਯੂਨੀਵਰਸਿਟੀਆਂ ਵਿਚ ਧਰਮ ਸਿੰਘ ਕੰਮੇਆਣਾ ਦੀ ਸ਼ਾਇਰੀ ਅਤੇ ਹੋਰ ਰਚਨਾਵਾਂ ਨੂੰ ਆਧਾਰ ਬਣਾ ਕੇ ਵਿਦਿਆਰਥੀਆਂ ਨੇ ਐਮ. ਫ਼ਿਲ. ਅਤੇ ਪੀ-ਐਚ.ਡੀ. ਦੇ ਥੀਸਿਸ ਲਿਖੇ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਐਮ. ਏ. ਪੰਜਾਬੀ ਦੇ ਸਿਲੇਬਸ ਵਿਚ ਕਾਵਿ-ਰਚਨਾ ਸ਼ਾਮਲ।

# ਤਤਕਰਾ


ਮੇਰੇ ਸ਼ਬਦ ਪ੍ਰਵਾਨ ਕਰੋ 11
ਹੇ ਕਵਿਤਾ ! 13
ਕੋਸਾ ਪਾਣੀ (ਇੱਕ) 14
ਅੰਤਰ 15
ਨੜਿੰਨਵੇਂ ਦਾ ਗੇੜ 16
ਕਵਿਤਾ ਲਿਖਦੀਏ ਕੁੜੀਏ 17
ਛਿੱਕਲੀ 18
ਪਰ 19
ਪਹਿਲੇ ਪਿਆਰ ਦੀਆਂ ਯਾਦਾਂ 20
ਗੁੱਸੇ ਵਿੱਚ ਮਨੁੱਖ 21
ਟਿਕ-ਟਿਕ 22
ਭਲ਼ੇ ਬੰਦੇ 23
ਸਚਾਈ 24
ਮਨ ਤਾਂ ਸਦਾ ਜਵਾਨ 25
ਟੁੱਟੀ ਲੱਤ ਵਾਲਾ ਕੁੱਤਾ 26
ਸਹਿਜਤਾ 27
ਉਮੀਦ ਕਾਇਮ ਰਹੇ 28
ਕੋਈ ਫ਼ਰਕ ਨਹੀਂ ਪੈਣਾ 29
ਬਣਾਉਟੀਪੁਣਾ 30
ਬਦਲਾਵ 31
ਮੂਰਖ ਦਿਵਸ 32
ਜੜ੍ਹ 33
ਟੌਮੀ 34
ਔਰਤ ਤੇ ਆਧੁਨਿਕਤਾ 35
ਹੇ ਫ਼ਕੀਰਾ ! 36
ਅੱਗ ਤੇ ਜੇਬ੍ਹ 37
ਚਲੋ ਹੁਣ 38
ਚਮਕਾਰਾ 39
ਜਾਤ 40
ਪੋਲਙ 41
ਲਿਖਿਆ ਹੋਇਆ ਇਤਿਹਾਸ 42
ਲੀਰ 43
ਸਾਂਚਾ 44
ਸ਼ਰਾਰਤੀ ਖੰਘ 45
ਅੱਗ 46
ਡੀ.ਜੇ. ਵਾਲੀਆਂ 47
ਉੱਜੜ 48
ਜਾਗੋ 49
ਬੇਲੋੜਾ ਪ੍ਰਵਾਸ 50
ਚਾਦਰ ਕੱਢਦੀ ਮੁਟਿਆਰ 51
ਫ਼ਰਕ 52
ਰਾਂਝੇ ਦੀ ਵੰਝਲੀ 53
ਸਾਇਕਲ ਸਿੱਖਦਾ ਬੱਚਾ 54
ਪੁਸਤਕ ਮੇਲੇ ਦੀ ਇੱਕ ਨੁਕਰੇ 55
ਗੰਗਾ ਉਡੀਕਦੀ 56
ਬੇਬੇ 57
ਉਹ ਕਹਿੰਦੀ 58
ਸਲਾਹ 59
ਚਾਹਤ/ਅਚਾਹਤ 60
ਕਾਕਾ ਜੀ ਕੀ ਕਰਦੇ ਆ 61
ਪੂਛ 62
ਸੇਵਾ ਮੁਕਤੀ ਤੋਂ ਬਾਅਦ 63
ਉਹ ਕਹਿੰਦਾ 64
ਸਾਰ ਨਾ ਕੋਈ 65
ਟੀਕਾ 66
ਕੋਸਾ ਪਾਣੀ (ਦੋ) 67
ਕੁਦਰਤ ਦੇ ਰੰਗ 68
ਉਮੀਦ ਕਾਇਮ ਹੈ 69
ਮੱਧਵਰਗੀ ਮਾਨਸਿਕਤਾ 70
ਉੱਗਣ ਸ਼ਕਤੀ 71
ਲੱਤ 72
ਪਾਗ਼ਲ ਮਨ 73
ਬਾਬੇ ਕਹਿੰਦੇ 74
ਘੁੰਡ 75
ਸੁਪਨੇ ਦਾ ਮਰਦ 76
ਇੱਕ ਮਿੱਕ 77
ਕਿਤਾਬ ਦੇ ਪਾਠਕ 78
ਸਿਵਾ ਜਿਨ੍ਹਾਂ ਦਾ ਜੀਵੇ 79
ਉਦਾਸ ਨਾ ਹੋ 80
ਵ੍ਹੀਕਲ ਚਲਾਉਂਦੀ ਔਰਤ 81

| | |
|---|---|
| ਦੌਰ | 82 |
| ਤੇਰੀ ਮਹਿਕ | 83 |
| ਅੱਜ | 84 |
| ਖਾਮੋਸ਼ ਡਰ | 85 |
| ਸਹੀ ਜਵਾਬ | 86 |
| ਹੰਕਾਰੇ ਸੱਪ | 87 |
| ਆਸ਼ਿਕ ਰਹਿਣ ਅਲੱਗ | 88 |
| ਪਹਿਲਾਂ ਅੰਦਰੋਂ ਭਾਲ਼ | 89 |
| ਸੁਣ ਬੱਦਲਾ | 90 |
| ਮਹਾ-ਲੁੱਚੇ | 91 |
| ਕੁੱਤਿਆਂ ਵਾਲੀ ਆਂਟੀ | 92 |
| ਨਵੇਂ ਫ਼ਿਕਰ | 93 |
| ਨੰਗ-ਮੁਨੰਗੇ | 94 |
| ਡਿਜ਼ੀਟਲ ਦੌਰ | 95 |
| ਬੇਬੇ ਦਾ ਸੰਦੂਕ | 96 |
| ਕਾਲਜ ਪੜ੍ਹਦੀਆਂ ਕੁੜੀਆਂ | 97 |
| ਤੀਲੀ | 98 |
| ਪਿੰਡ ਗਈ ਬਾਲੜੀ | 99 |
| ਸਾਊ ਕੁੜੀ | 100 |
| ਭਲ਼ੇ ਜੀਅ | 101 |
| ਠਰਕੀ ਬੁੱਢਾ | 102 |
| ਅਜ਼ਬ ਅਜ਼ੀਬ | 103 |
| ਜਿਉਂਦੇ ਰਹਿਣ ਦੀ ਇੱਛਾ | 104 |
| ਹਵਾ ਦਾ ਰੁੱਖ | 105 |
| ਚੰਗਾ ਦੋਸਤ | 106 |
| ਮੌਤ ਦੀ ਆਹਟ | 107 |
| ਟਾੱਪਰ | 108 |
| ਪੁਰਾਣੇ ਪ੍ਰੇਮੀਆਂ ਦਾ ਹਨੀਮੂਨ | 109 |
| ਕੰਵਲ | 110 |
| ਲਿਵਹੀਨ | 111 |
| ਬੁੱਢਾ ਬਾਜ਼ | 112 |
| ਨਿੱਕੀਆ ਗੱਲਾਂ | 113 |
| ਅਵਾਰਾ ਮਨ | 114 |
| ਮੈਂ ਜਿੱਤਣ ਤੱਕ ਲੜਾਂਗਾ | 115 |
| ਵਕਤੀ ਕਰਵਟ | 116 |
| ਸੁਰਮੇ ਦੀ ਚੋਰੀ | 117 |
| ਡੋਲ-ਅਡੋਲ | 118 |
| ਮਾਡਰਨ ਤੀਆਂ | 119 |
| ਲੈ ਜਾ ਹੇਜਲੀਆਂ | 120 |
| ਭੂਲ-ਭੁਲੱਈਆ | 121 |
| ਤੇਰੀ ਨੇੜਤਾ ਹੈ | 122 |
| ਚੱਲ ਬੁੱਲ੍ਹਿਆ | 123 |
| ਖਾਲੀ ਰਕਾਬ | 124 |
| ਪਿੱਤਲ ਦੀ ਮੁੰਦਰੀ | 125 |
| ਰਮਤੇ ਜੋਗੀਆ | 126 |
| ਆਪਣੇ ਤਾਰੇ | 127 |
| ਬਲਿਹਾਰੇ ਕੁਦਰਤ | 127 |
| ਮਸਤ ਚਾਲ ਰੱਖਣਾ | 128 |
| ਵਿਦਵਾਨ/ਅਲੋਚਕ ਆਖਦੇ ਹਨ | 129 |

# ਮੇਰੇ ਸ਼ਬਦ ਪ੍ਰਵਾਨ ਕਰੋ

ਸਾਡੀ ਭਾਸ਼ਾ ਦੇ ਕੋਸ਼ ਵਿੱਚ
ਜੋ ਵੀ ਸ਼ਬਦ ਦਰਜ ਹਨ
ਸਾਰੇ ਬੋਲਣ ਲਈ ਹਨ
ਮਨ ਦਾ ਬੂਹਾ ਖੋਲ੍ਹਣ ਲਈ ਹਨ

ਸ਼ਬਦ ਸ਼ੀਲ ਜਾਂ ਅਸ਼ਲੀਲ ਨਹੀਂ ਹੁੰਦੇ
ਕਦੋਂ ਕਹੇ ਗਏ
ਕਿਵੇਂ ਕਹੇ ਗਏ
ਕਿਉਂ ਕਹੇ ਗਏ
ਇਹ ਸਾਰੇ ਪੱਖ
ਸ਼ਬਦਾਂ ਨੂੰ ਅਰਥ ਦਿੰਦੇ ਵੱਖ-ਵੱਖ

ਸਾਡੇ ਆਸ-ਪਾਸ ਦੋਗਲੇ ਕਿਰਦਾਰ ਹਨ
ਕਾਮ ਦੀ ਅੱਤ ਹੈ
ਮਾਰੀ ਮੱਤ ਹੈ
ਤੀਵੀਂ ਦਾ ਤਰਸੇਵਾਂ ਹੈ
ਜੀਵਨ ਅਕੇਵਾਂ ਹੈ
ਨਸ਼ਿਆਂ ਦੀ ਲਤ ਹੈ
ਕੋਈ ਸਾਊ ਤੇ ਕੋਈ ਖੱਚ ਹੈ
ਕੋਈ ਗੁੱਝਾ ਤੇ ਕੋਈ ਪ੍ਰਤੱਖ ਹੈ
ਇਕ ਦੂਜੇ ਨੂੰ ਠਿੱਬੀ ਲਾ ਕੇ
ਅੱਗੇ ਦੀ ਦੌੜ ਹੈ
ਪਿੱਛਾ ਚੌੜ ਹੈ

ਚਾਲ ਦਰ ਚਾਲ ਹੈ
ਮੁਜ਼ਾਹਰੇ ਹਨ, ਹੜਤਾਲ ਹੈ
ਅਲਫ਼ ਨੰਗਾ ਭ੍ਰਿਸ਼ਟਾਚਾਰ ਹੈ
ਖਾਣਾ ਮੰਗਦੇ ਮੂੰਹ ਹਨ
ਜਵਾਨੀ ਬੇਰੁਜ਼ਗਾਰ ਹੈ
ਖਾਣੇ ਦੇ ਨਾਂ 'ਤੇ ਜ਼ਹਿਰਾਂ ਖਾ ਪੀ ਰਹੇ
ਜਮੂਰਿਆਂ ਦਾ ਜੀਵਨ ਜੀ ਰਹੇ

ਤਸਬੀਹਾਂ ਦੇ ਓਹਲੇ ਬਹਿ ਕੇ
ਕਵੀ ਨੇ ਆਪਣੀ ਗੱਲ
ਕਹਿ ਕੇ ਰਹਿਣੀ ਹੈ
ਕੁੱਝ ਕੁ ਸਹਾਰਾ ਵਿਅੰਗ ਦਾ
ਜੋ ਮਨ ਆਈ
ਸੋ ਸਹਿਜ ਸੁਭਾਅ ਕਹਿਣੀ ਹੈ

ਇਹ ਸ਼ਬਦ,
ਇਹ ਕਵਿਤਾਵਾਂ
ਕਰਨੇ ਜੀ ਪ੍ਰਵਾਨ
ਮਾਂ ਬੋਲੀ ਦੀ ਝੋਲੀ ਪਾਵਾਂ

# ਹੇ ਕਵਿਤਾ !

ਹੇ ਕਵਿਤਾ!
ਜੇ ਤੂੰ ਆਉਣਾ
ਮੇਰੇ ਕੋਲ
ਤਾਂ ਇਸ ਤਰ੍ਹਾਂ ਆਈਂ
ਜਿਵੇਂ ਚੂਰੀ ਲੈ ਕੇ ਬੇਲੇ 'ਚ
ਰਾਂਝੇ ਕੋਲ
ਹੀਰ ਆਉਂਦੀ ਸੀ

ਹੇ ਕਵਿਤਾ!
ਜੇ ਤੂੰ ਮੇਰੇ ਕੋਲ
ਆਉਣਾ ਹੈ
ਤਾਂ ਸੱਚੀਂ ਮੁੱਚੀਂ ਦੀ
ਬਣ ਕੇ ਆਈਂ,
ਏਥੇ ਐਵੇਂ ਮੁੱਚੀ ਦਾ
ਕੁੱਝ ਵੀ ਪ੍ਰਵਾਨ ਨਹੀਂ ਹੁੰਦਾ

# ਕੋਸਾ ਪਾਣੀ (ਇੱਕ)

ਤੇਰਾ ਪਾਣੀ
ਮੇਰਾ ਪਾਣੀ
ਇਕ ਦੂਜੇ ਵਿੱਚ ਡੁੱਬਦੇ
ਇਕ ਦੂਜੇ ਵਿੱਚ ਮਿਲਦੇ
ਕੁਦਰਤ ਦੀ 'ਨੇਰ੍ਹੀ ਗੁਫ਼ਾ ਵਿੱਚ
ਸ਼ੁਰੂ ਹੁੰਦੀ ਕੋਈ ਨਵੀਂ ਕਹਾਣੀ
ਕਹਾਣੀ 'ਚੋਂ ਕੋਈ ਨਵੀਂ ਕਹਾਣੀ
ਤੇ ਅੱਗੇ ਫਿਰ ਹੋਰ ਕਹਾਣੀ

ਘਰ
ਪਰਿਵਾਰ
ਸਮਾਜ
ਦੇਸ਼ ਦੁਨੀਆਂ ਅਥਾਹ
ਬਣ ਜਾਂਦਾ ਹੈ ਬੂੰਦ ਬੂੰਦ ਕਰ
ਕੋਸਾ ਤੇ ਖਾਰਾ ਜਿਹਾ ਪਾਣੀ
ਖਾਰਾ ਪਾਣੀ
ਮਿੱਠੀ ਕਹਾਣੀ

# ਅੰਤਰ

ਭਾਰੀ ਮੀਂਹ
ਠੰਡੀਆਂ ਹਵਾਵਾਂ
ਮਸਤੀ ਦਾ ਆਲਮ
ਕਿਚਨ 'ਚੋਂ ਕੜਕ ਰਹੇ
ਤੇਲ ਦੀ ਮਹਿਕ ਆਉਂਦੀ
ਪੂੜੇ, ਪਕੌੜੇ ਤੇ ਚਾਹ
ਕੌਫੀ ਦਾ ਅਨੰਦ
ਮਾਣਦੇ ਸਮਰਥ ਪਰਿਵਾਰ

ਲੇਬਰ ਚੌਕ 'ਚੋਂ ਖਾਲੀ
ਮੁੜੇ ਮਜ਼ਦੂਰ
ਅੱਜ ਸ਼ਾਇਦ
ਚੁੱਲ੍ਹਾ ਤਵੇ ਨੂੰ ਤਰਸੇਗਾ

# ਨੜਿੰਨਵੇਂ ਦਾ ਗੇੜ

ਪਿੰਡ ਦੇ ਨੇੜੇ
ਨਿੱਕਾ ਜਿਹਾ ਸ਼ਹਿਰ ਸੀ
ਢਾਈ ਕੁ ਦੁਕਾਨਾਂ ਵਾਲਾ ਬਜ਼ਾਰ
ਹਰ ਵਸਤ ਲੋੜ ਜੋਗੀ
ਜਿੱਥੋਂ ਮਿਲ ਜਾਂਦੀ

ਹੌਲੀ ਹੌਲੀ
ਸ਼ਹਿਰ ਤੇ ਬਜ਼ਾਰ
ਬਾਹਰ ਵੱਲੀਂ ਵਧਣ ਲੱਗੇ
ਨਿੱਕੀਆਂ ਦੁਕਾਨਾਂ ਦੇ ਗੁਆਂਢ
ਸ਼ਾਪਿੰਗ ਮੱਾਲ ਖੁੱਲ੍ਹਣ ਲੱਗੇ

ਪਹਿਲਾਂ ਪਹਿਲ
ਖਰੀਦੀਆਂ ਜਾਂਦੀਆਂ ਸਨ ਲੋੜੀਂਦੀਆਂ ਵਸਤੂਆਂ
ਪਰ ਹੁਣ ਬਹੁਤ ਕੁੱਝ ਅਣਲੋੜੀਂਦਾ
ਘਰ ਦੀ ਦੇਹਲੀ ਟੱਪਣ ਲੱਗਾ

ਵਸਤੂਆਂ ਇਕੱਠੀਆਂ ਕਰਨ ਦੀ
ਚੂਹਾ ਦੌੜ ਨੇ
ਸਾਨੂੰ ਬਜ਼ਾਰਵਾਦ ਦਾ ਸ਼ਿਕਾਰ ਬਣਾ ਦਿੱਤਾ
ਨੜਿੰਨਵੇਂ ਦੇ ਗੇੜ 'ਚ ਪਾ ਦਿੱਤਾ

# ਕਵਿਤਾ ਲਿਖਦੀਏ ਕੁੜੀਏ

ਕਵਿਤਾ ਲਿਖਦੀਏ ਕੁੜੀਏ
ਗੱਲ ਇਕ ਮਨ 'ਚ ਆਈ ਹੈ
ਚਲੋ ਮੈਂ ਕਹਿ ਹੀ ਦਿੰਦਾ ਹਾਂ

ਕਵੀ-ਦਰਬਾਰ 'ਚ ਜਾਣ ਸਮੇਂ
ਡਾਇਰੀ 'ਚੋਂ ਲੱਭਿਆ ਕਰ
ਕੋਈ ਅਨਸੁਣਾਈ ਕੰਜਕ ਕਵਿਤਾ
ਭਾਵਪੂਰਤ, ਮਨੋਰੰਜਕ ਕਵਿਤਾ

ਪਰ ਤੂੰ ਲੱਭਣ ਲੱਗਦੀ
ਕਵਰਡ 'ਚੋਂ ਕੋਈ ਸੂਟ ਨਵਾਂ
ਜੋ ਪਹਿਲਾਂ ਕਿਸੇ
ਸਮਾਗਮ 'ਤੇ ਪਾਇਆ ਨਾ ਹੋਵੇ
ਸਹੇਲੀਆਂ ਨੂੰ ਵਿਖਾਇਆ ਨਾ ਹੋਵੇ

ਤੂੰ ਕਵੀ-ਦਰਬਾਰ 'ਤੇ
ਇਸ ਭਾਵਨਾ ਨਾਲ ਜਾਇਆ ਕਰ
ਕਿ ਸਰੋਤੇ
ਤੇਰੀ ਥਾਂ ਤੇਰੀ ਕਵਿਤਾ ਵੱਲ ਧਿਆਨ ਦੇਣ
ਦਿਲ ਖੋਲ੍ਹ ਕੇ ਦਾਦ ਦੇਣ

# ਛਿੱਕਲੀ

ਤੂੰ ਬੋਲਦਾ ਨਹੀਂ
ਬਿੱਠ ਕਰਦਾ ਏਂ
ਚਿੜੀ ਵੀ ਥਾਂ ਕੁਥਾਂ ਵੇਂਹਦੀ ਹੈ
ਪਰ ਤੂੰ ਅਸਲੋਂ ਹੀ ਬੂਝੜ,
ਮੂੜ੍ਹ ਮੱਤ
ਕੌਲੀ ਚੱਟ

ਤੂੰ ਸਿਆਣਿਆਂ ਦੀ ਮਹਿਫ਼ਲ 'ਚ
ਬੋਲਦਾ ਨਹੀਂ ਭੌਂਕਦਾ ਏਂ
ਮੈਂ
ਇਕ ਦੁਕਾਨ 'ਤੇ
ਕੁੱਤੇ ਦੀ ਛਿੱਕਲੀ ਵੇਖੀ ਸੀ
ਸੋਚਦਾਂ
ਤੇਰੇ ਮੂੰਹ 'ਤੇ ਫਿੱਟ ਬੈਠੇਗੀ

# ਪਰ

ਅੰਬਰੀਂ ਉੱਡਣ ਦੀ
ਇੱਛਾ ਤੇਰੀ
ਚੰਗੀ ਹੈ,
ਪਰ
ਪੈਰਾਂ ਨਾਲ ਜੁੜੀ ਜੋ ਤੇਰੇ
ਭੋਇੰ ਭੁਲਾ ਨਾ ਬੈਠੀਂ

ਗ੍ਰਹਿਆਂ 'ਤੇ ਭਾਉਣਾ
ਤਾਰਿਆਂ ਨੂੰ ਛੋਹਣਾ
ਚੰਗਾ ਹੈ,
ਪਰ
ਰੰਗ ਬਰੰਗੇ
ਮਹਿਕਾਂ ਵੰਡਦੇ
ਫੁੱਲ ਭੁਲਾ ਨਾ ਬੈਠੀਂ

# ਪਹਿਲੇ ਪਿਆਰ ਦੀਆਂ ਯਾਦਾਂ

ਲਿਖਣਾ ਹੁੰਦਾ ਹੈ
ਜਦ ਮੈਂ ਕੋਈ ਗੀਤ
ਪਹਿਲੇ ਪਹਿਲੇ ਪਿਆਰ ਦਾ
ਵਿਛੋੜੇ ਦੀ ਪੀੜ ਦਾ
ਅਪਣੱਤ ਦੇ ਇਜ਼ਹਾਰ ਦਾ

ਤਾਂ ਮੈਂ
ਚਲਾ ਜਾਂਦਾ ਹਾਂ
ਮਨ ਦੇ ਉਸ ਕੋਨੇ 'ਚ
ਜਿੱਥੇ
ਮੇਰੇ ਕਾਲਜ ਪੜ੍ਹਨ ਸਮੇਂ ਦੀਆਂ
ਯਾਦਾਂ ਬੈਠੀਆਂ

# ਗੁੱਸੇ ਵਿੱਚ ਮਨੁੱਖ

ਕਿਸੇ ਨਿੱਕੀ ਜਿਹੀ ਗੱਲ ’ਤੇ
ਇਕ ਦੂਜੇ ਨੂੰ
ਵਿਖਾਉਂਦੇ ਲਾਲ ਅੱਖਾਂ

ਚੁੱਕ ਲੈਣ
ਡਾਂਗਾਂ, ਬਰਛੇ, ਤਲਵਾਰਾਂ
ਪਲਾਂ ਵਿੱਚ ਹੀ
ਉਤਰ ਆਉਂਦੇ ਮਰਨ-ਮਰਾਉਣ ’ਤੇ

ਮਨੁੱਖ ਜਦੋਂ ਗੁੱਸੇ ਵਿੱਚ
ਹੋਸ਼ ਗਵਾਉਂਦੇ
ਜੰਗਲ ਦੇ ਪਸ਼ੂਆਂ ਨੂੰ
ਮਾਤ ਪਾਉਂਦੇ

# ਟਿਕ-ਟਿਕ

ਮੱਧਵਰਗੀ ਘਰ ਦਾ ਬੈੱਡਰੂਮ
ਐੱਲ.ਡੀ. 'ਤੇ ਚਲਦਾ ਸੀਰੀਅਲ ਕੋਈ
ਮੀਆਂ-ਬੀਵੀ
ਰੁੱਝੇ ਮੋਬਾਇਲ ਫ਼ੋਨ 'ਤੇ
ਸੀਰੀਅਲ ਨੂੰ
ਵੇਖਣ ਕੰਧਾਂ

ਪਤੀ ਨੇ ਫਿਲਟਰ ਕਰ
ਪਤਨੀ ਦੀ ਫ਼ੋਟੋ
ਫੇਸਬੁੱਕ 'ਤੇ ਚਿਪਕਾਈ
ਜਨਮ ਦਿਨ ਮੁਬਾਰਕ ਬੇਬੀ
ਲਿਖ ਕੇ ਪੋਸਟ ਪਾਈ

ਧੰਨਵਾਦ ਮੇਰੇ ਪਿਆਰੇ
ਪਤਨੀ ਨੇ ਕੁਮੈਂਟ ਭੇਜਿਆ

ਇਕ ਫੁੱਟ ਦੀ ਵਿੱਥ 'ਤੇ ਬੈਠੇ
ਦੋ ਦਿਲਾਂ ਦੀ ਧੜਕਣ
ਮੋਬਾਈਲ ਫ਼ੋਨ ਨਾਲ
ਕਰਦੀ ਟਿਕ ਟਿਕ

# ਭਲ਼ੇ ਬੰਦੇ

ਪੋਰੇ ਤੋਂ ਵੱਢੇ,
ਅੰਬ ਦੇ ਰੁੱਖ ਦੇ
ਮੁੱਚਰ ਜਿਹੇ 'ਤੇ
ਫੁੱਟ ਪਈ ਇਕ ਟਾਹਣੀ
ਕੋਇਲਾਂ ਕੂਕਣ ਦੀ ਰੁੱਤ ਆਈ
ਪੰਜ ਪੱਤਿਆਂ ਦੀ ਟਾਹਣੀ ਉੱਤੇ
ਬੂਰ ਮਹਿਕਿਆ
ਚਾਰ-ਪੰਜ ਲੱਗ ਗਏ ਅੰਬ

ਭਲ਼ੇ ਬੰਦੇ
ਬੁਰੇ ਸਮਿਆਂ 'ਚ ਵੀ
ਖੁਸ਼ੀਆਂ-ਖੇੜੇ ਵੰਡਣ ਦਾ
ਭੁੱਲਦੇ ਨਹੀਂ
ਫਰਜ਼ ਆਪਣਾ

# ਸਚਾਈ

ਮਾਇਆ – ਆਸਰੇ
ਸਿਰ ਦੇ ਉੱਤੇ
ਕੂੜ ਦਾ ਟੌਂਗਾ
ਜ਼ਿਆਦਾ ਦੇਰ ਨਹੀਂ ਝੂਲਦਾ
ਲੋਕ ਉਨ੍ਹਾਂ ਨੂੰ ਹੀ ਰੱਖਦੇ ਯਾਦ
ਪੱਲੇ ਜਿਨ੍ਹਾਂ ਦੇ
ਪ੍ਰਤਿਭਾ ਦੀ ਦੌਲਤ

ਕੂੜ ਦੇ ਧੌਲਰ
ਬਹੁਤ ਜਲਦੀ
ਖੰਡਰ ਬਣ ਜਾਂਦੇ ਹਨ

•••

ਜਿਥੇ ਲੱਗੇ ਸਵਾਦ
ਉੱਥੇ ਜਾ ਕੇ ਲੈਂਦੇ ਖਾ,
ਕੌਣ ਵੇਂਹਦਾ ਬਾਬਾ ਹੁਣ
ਰੋਟੀ ਨਿਚੋੜ ਕੇ।

# ਮਨ ਤਾਂ ਸਦਾ ਜਵਾਨ

ਜ਼ੋਰ ਜਵਾਨੀ ਦਾ
ਚਰਚਾ ਅੱਖ ਮਸਤਾਨੀ ਦਾ
ਹਵਾ ਨੂੰ ਗੰਢਾਂ ਦੇ ਕੇ ਤੁਰਦੀ
ਪਿੱਛੇ ਮੁੜ ਮੁੜ ਝਾਕਦੀ
ਮੋੜ ਜਦੋਂ ਮੁੜਦੀ

ਕੋਲੋਂ ਲੰਘਦੀ
ਛੇੜਦੀ ਮੈਨੂੰ
ਅਖੇ ਪੂਰਨ ਭਗਤਾ
ਮੈਂ ਸੋਚਿਆ
ਮੈਂ ਹੀ ਪਹਿਲ ਕਰਲਾਂ
ਉੱਡਦੇ ਕਬੂਤਰ ਨੂੰ ਫੜਲਾਂ

ਵਰ੍ਹਿਆਂ ਬਾਅਦ
ਅੱਜ ਮਿਲੀ
ਤਾਂ ਅੱਖਾਂ ਉੱਤੇ ਮੋਟੇ ਸ਼ੀਸ਼ਿਆਂ ਵਾਲੀ ਐਨਕ ਸੀ
ਗੋਡਿਆਂ ਦੀ ਪੀੜ ਕਾਰਨ
ਹੱਥ ਵਿੱਚ ਖੂੰਡੀ ਸੀ
ਫਿਰ ਵੀ ਚੁਪ-ਚੁਪੀਤੇ
ਵੱਢ ਗਈ ਚੂੰਢੀ ਸੀ

ਬੁੱਢਾ ਤਾਂ ਸ਼ਰੀਰ ਹੁੰਦਾ ਹੈ
ਮਨ ਤਾਂ ਸਦਾ ਜਵਾਨ
ਸਮਿਆਂ ਨੂੰ ਟਿੱਚ ਜਾਣਦਾ

# ਟੁੱਟੀ ਲੱਤ ਵਾਲਾ ਕੁੱਤਾ

ਲੋੜ ਤੋਂ ਜ਼ਿਆਦਾ ਮੋਟੀਆਂ ਅੱਖਾਂ
ਡਰਾਉਣੀਆਂ ਜਿਹੀਆਂ
ਮੁਹੱਲੇ ਦੀਆਂ ਔਰਤਾਂ
ਉਹਨੂੰ ਭੇਡਆਨੀ ਕਹਿੰਦੀਆਂ
ਭੌਂਕਣ ਦੇ ਵਿੱਚ
ਉਹ ਕੁੱਤੇ ਨੂੰ ਹਰਾਅ ਦਿੰਦੀ

ਕਾਲੂ ਕੁੱਤਾ ਕਈ ਦਿਨਾਂ ਤੋਂ
ਭੇਡਆਨੀ ਦੇ ਡੰਡੇ ਦੀ ਪੀੜ
ਆਪਣੇ ਨਾਲ ਘਸੀਟੀ ਫਿਰਦੈ
ਹੁਣ ਉਹ ਭੇਡਆਨੀ ਦੇ ਘਰ ਤੋਂ
ਦੂਰ ਹੀ ਰਹਿੰਦਾ ਹੈ
ਟੁੱਟੀ ਹੋਈ ਪਿਛਲੀ ਲੱਤ ਨਾਲ ਬੈਠ ਕੇ
ਰੋਂਦਿਆਂ ਵਾਂਗ ਭੌਂਕਦਾ ਹੈ

ਅਵਾਰਾ ਕੁੱਤਿਆਂ ਲਈ
'ਦਿਆਲੂਆਂ' ਵੱਲੋਂ
ਕੋਠੀਆਂ ਦੇ ਗੇਟ ਮੂਹਰੇ ਰੱਖੇ
ਬੇਹੀ ਰੋਟੀ ਦੇ ਟੁਕੜੇ
ਪਾਣੀ ਵਾਲੇ ਦੁੱਧ ਦੇ ਭਰੇ ਠੂਠੇ
ਛੋਹਲੇ ਕੁੱਤੇ ਲੱਕ ਜਾਂਦੇ
ਟੁੱਟੀ ਲੱਤ ਘਸੀਟਦਾ ਕਾਲੂ
ਹੁਣ ਕੌਲੀ ਚੱਟ ਬਣ ਗਿਆ ਹੈ

ਕਾਲੂ ਗਲੀ ਦੇ ਕੁੱਤਿਆਂ ਨੂੰ
ਗੁਰ-ਗੁਰਾ ਕੇ ਪਹਿਲਾਂ ਵਾਂਗ ਹੀ
ਮਾਰਦਾ ਹੈ ਦਬਕਾ
ਪਰ ਟੁੱਟੀ ਲੱਤ ਵਾਲੇ ਦੀ ਕੌਣ ਪ੍ਰਵਾਹ ਕਰਦੈ

# ਸਹਿਜਤਾ

ਏਨੇ ਵੀ
ਬਣੋ ਨਾ ਨਰਮ
ਕਿ ਕਿਸੇ
ਖੁਰਕ ਖਾਧੇ ਕੁਤੀੜ ਦੀ
ਬਊਂ ਬਊਂ
ਤੁਹਾਨੂੰ
ਕਰ ਦੇਵੇ ਅਸਹਿਜ

ਖੋਤਾ ਦੁਲੱਤੀ ਮਾਰਦਾ ਹੈ
ਮੋਰ ਪੈਲ ਪਾਉਂਦਾ ਹੈ
ਆਦਤ ਆਪੋ-ਆਪਣੀ

ਸਹਿਜ ਰਹਿ ਕੇ
ਪੁੱਟੋ ਜੀਵਨ ਪੁਲਾਂਘਾ
ਕਿਸੇ ਡੱਬੂ ਕਰਕੇ
ਅਸਹਿਜ ਨਾ ਹੋਵੋ ਪਿਆਰਿਓ!

# ਉਮੀਦ ਕਾਇਮ ਰਹੇ

ਦੁੱਖ ਦੇ ਕਦੇ
ਦਿਨ ਨਾ ਗਿਣੋ
ਇਕ ਦੌਰ ਹੈ
ਜੋ ਬੀਤ ਜਾਏਗਾ

ਮੈਂ ਵੇਖਿਆ ਹੈ
ਪੱਤਝੜ ਆਖਿਰ
ਬੀਤ ਜਾਂਦੀ ਹੈ
ਤੇ ਫਿਰ
ਹਰੀ ਭਰੀ ਹੁੰਦੀ ਹੈ ਬਨਸਪਤੀ
ਮੁੜ ਮਹਿਕ ਪੈਂਦਾ ਹੈ ਚੁਗਿਰਦਾ

•••

ਆਲਸੀਆਂ ਦੇ ਕੋਲ
ਬਹਾਨੇ ਸੌ ਹੁੰਦੇ,
ਉੱਦਮੀਆਂ ਦੇ ਕੋਲ
ਹਜ਼ਾਰਾਂ ਹੀਲੇ ਨੇ।

# ਕੋਈ ਫ਼ਰਕ ਨਹੀਂ ਪੈਣਾ

ਚਲੋ
ਅੱਗੇ ਤੋਂ
ਮੈਂ ਆਂਟੀ ਜੀ ਨਹੀਂ ਕਹਿੰਦਾ
ਕਹਿ ਦਿਆਂ ਕਰੂੰ
ਭਾਬੀ ਜੀ
ਲੈ ਖੁਸ਼ ਹੁਣ
ਥੁੱਕ ਦਿਓ ਗੁੱਸਾ

ਪਰ ਤੁਰਨ ਸਮੇਂ
ਗੋਡਿਆਂ 'ਚੋਂ
ਨਿਕਲਦੀ ਪੀੜ ਨੂੰ
ਕੋਈ ਫ਼ਰਕ ਨਹੀਂ ਪੈਣਾ
ਉਹਨੇ ਤਾਂ ਓਵੇਂ ਹੀ ਰਹਿਣਾ

ਸ਼ਾਇਦ
ਮਨ ਕੁੱਝ ਕੁ
ਜਵਾਨ ਮਹਿਸੂਸ ਕਰੇ
ਖੁਸ਼ੀ ਦਾ
ਘੁੱਟ ਭਰੇ

# ਬਣਾਉਟੀਪੁਣਾ

ਉਹ ਫੇਸਬੁੱਕ 'ਤੇ
ਪਾਉਂਦਾ ਭਾਵਪੂਰਤ ਪੋਸਟਾਂ
ਪਰ ਪੰਜ ਹਜ਼ਾਰ ਮਿੱਤਰਾਂ ਦੀ ਭੀੜ 'ਚੋਂ
ਪੰਜ ਦਸ ਹੀ ਕੁਮੈਂਟ ਕਰਦੇ

ਫਿਰ ਸੁੱਝੀ ਉਹਨੂੰ ਸ਼ਰਾਰਤ
ਬਣਾ ਲਈ ਇਕ ਆਈ. ਡੀ. ਕੁੜੀ ਬਣ ਕੇ
ਕਿਸੇ ਖ਼ੂਬਸੂਰਤ ਮਾਡਲ ਦੀ
ਫ਼ੋਟੋ ਚੇਪ ਦਿੱਤੀ
ਸ਼ੁਭ ਸਵੇਰ
ਸ਼ੁਭ ਦੁਪਹਿਰ
ਸ਼ੁਭ ਸ਼ਾਮ
ਸ਼ੁਭ ਰਾਤ
ਮੈਸੰਜਰ ਵਿਚ
ਬਰਸਾਤੀ ਡੱਡੂਆਂ ਵਾਂਗ
ਮੈਸਿਜ਼ ਚਮਕਦੇ
ਕਈ ਵਾਰ ਤਾਂ
ਬੈੱਡਰੂਮ ਦੇ ਗੱਦੇ ਹੇਠ ਰੱਖੇ
ਮੈਲੇ ਜਿਹੇ ਤੋਲੀਏ ਵਾਂਗ
ਮੋਬਾਇਲ 'ਚੋਂ ਹੁੰਮਕ ਆਉਂਦੀ

ਉਸ ਨੇ ਆਪਣੇ ਪੈਰ 'ਚ
ਲੇਡੀ ਜੁੱਤੀ ਫਸਾ ਕੇ ਖਿੱਚੀ ਤਸਵੀਰ
ਤੇ ਫੇਸਬੁਕ 'ਤੇ ਪਾ ਦਿੱਤੀ
ਜੁੱਤੀ ਚੱਟਾਂ ਨੇ
ਕੁਮੈਂਟਾਂ ਵਿੱਚ
ਵਾਹ ਵਾਹ ਦੀ ਢੇਰੀ ਲਾ ਦਿੱਤੀ

# ਬਦਲਾਵ

ਜਦ ਥੱਲੜੀ ਉੱਤੇ ਆਵੇ
ਧਰਤੀ ਕੰਬ ਜਾਵੇ

ਵੱਡੇ ਵਡੇਰੇ
ਲੰਬੇ ਪੋਰੇ
ਚੌੜੇ ਘੇਰੇ
ਬਿਰਖ ਹਿੱਲ ਜਾਂਦੇ
ਜੜ੍ਹਾਂ ਸਾਂਭਣ ਦਾ ਆਹਰ ਕਰਦੇ
ਸੁੱਕਣ ਦਾ ਡਰ ਸਤਾਉਂਦਾ
ਮੁੱਕਣ ਦਾ ਝੋਰਾ ਖਾਂਦਾ

ਜਦ ਧਰਤੀ
ਪਾਸਾ ਪਰਤਦੀ
ਤੱਤਹੀਨ ਮਿੱਟੀ
ਹੇਠਾਂ ਜਾਂਦੀ
ਨਵੀਂ ਊਰਜਾ ਲੈ ਕੇ
ਹੇਠਲੀ ਮਿੱਟੀ ਉੱਤੇ ਆਉਂਦੀ
ਮਿੱਟੀ ਦਾ ਪਸੀਨਾ ਮਹਿਕਦਾ

# ਮੂਰਖ ਦਿਵਸ

ਮੂਰਖ ਬਣਨ ਦਾ
ਮੂਰਖ ਬਣਾਉਣ ਦਾ
ਦਿਨ ਨਹੀਂ ਹੁੰਦਾ
ਕੋਈ ਖ਼ਾਸ
ਇਹ ਤਾਂ ਮੌਕਾ ਹੈ
ਜੋ ਕਦੇ ਵੀ
ਸਕਦਾ ਹੈ ਆ

ਚਾਤੁਰ ਸ਼ਿਕਾਰੀ
ਭੋਲਾ ਸ਼ਿਕਾਰ
ਖੇਡੀ ਦੀ ਖੇਡ
ਬਾਰ – ਬਾਰ
ਹੋਸ਼ਿਆਰ!
ਹੋਸ਼ਿਆਰ!!

•••

ਕੁੱਝ ਤਾਂ ਹੁੰਦੇ ਨੇ
ਹਾਲਾਤ ਵੀ ਦੋਸ਼ੀ ਇਸ ਦੇ ਲਈ,
ਕਈਆਂ ਨੂੰ ਪਰ ਜੀਣ ਦਾ
ਸਲੀਕਾ ਵੀ ਨਹੀਂ ਹੁੰਦਾ

# ਜੜ੍ਹ

ਰੁੱਖ ਨੂੰ ਕੋਈ ਛਾਂਗ ਦੇਵੇ
ਵੱਢ ਦੇਵੇ ਪੋਰਾ
ਰੁੱਤ ਆਉਂਦੀ ਹੈ
ਰੁੱਖ ਫਿਰ ਫੁੱਟ ਪੈਂਦਾ ਹੈ
ਫੈਲਦੀਆਂ ਟਾਹਣੀਆਂ
ਖਿੜਦੇ ਫੁੱਲ
ਲੱਗਦਾ ਫ਼ਲ

ਜਿੰਨਾ ਚਿਰ
ਜੜ੍ਹ ਸਲਾਮਤ ਹੈ
ਰੁੱਖ ਨਹੀਂ ਮਰਦਾ

●●●

ਕੋਈ ਆਉਂਦਾ ਹੈ ਭਲਾ ਬੰਦਾ
ਸੁੱਕੇ ਬਾਗ਼ ਹਰੇ ਹੁੰਦੇ,
ਕਿਸੇ ਦੇ ਆਉਣ 'ਤੇ
ਹਰੇ ਬਾਗ਼ ਵੀ ਵਰਾਨ ਹੋ ਜਾਂਦੇ।

# ਟੋਮੀ

ਗੋਭਲੇ ਜਿਹੇ ਦੋ ਬੱਚੇ
ਵੱਡਾ ਮੁੰਡਾ
ਛੋਟੀ ਕੁੜੀ

ਲਾਡ ਲਡਾਏ
ਪੜ੍ਹਾਏ - ਲਿਖਾਏ
ਤੇ ਫਿਰ
ਉਮਰਾਂ ਦੀ ਜੋੜੀ ਪੂੰਜੀ
ਟ੍ਰੈਵਲ ਏਜੰਟਾਂ ਨੂੰ ਦੇ ਕੇ
ਬਦੇਸ਼ ਨੂੰ ਤੋਰੇ

ਹੁਣ ਬੱਚਿਆਂ ਨਾਲ
ਕਦੇ - ਕਦਾਈਂ
ਗੱਲਬਾਤ ਫੋਨ 'ਤੇ
ਚਿੱਠੀਆਂ ਲਿਖਣ ਦਾ
ਸਮਾਂ ਕੀਹਦੇ ਕੋਲ

ਮਾਪੇ ਹੁਣ
ਵਲੈਤੀ ਨਸਲ ਦੇ ਕੁੱਤੇ ਦੇ
ਕਤੂਰੇ ਨਾਲ ਖੇਡਦੇ
ਤੇ ਟੋਮੀ
ਬੱਚਾ ਬਣ ਕੇ
ਘਰ 'ਚ ਵਿਚਰਦਾ
ਰੌਣਕਾਂ ਲਾਉਂਦਾ

# ਔਰਤ ਦੇ ਆਧੁਨਿਕਤਾ

ਕਿਸੇ ਔਰਤ ਦਾ
ਵਾਲ ਕਟਾਉਣਾ
ਜੀਨ ਪਾਉਣਾ
ਆਦਮੀ ਦੇ
ਕੰਧੇ ਨਾਲ ਕੰਧਾ ਮਿਲਾਉਣਾ
ਜ਼ਿੰਦਗੀ ਦੇ ਰਾਹਾਂ ’ਤੇ
ਖੁੱਲ੍ਹ ਕੇ ਵਿਚਰਨਾ
ਕਮਾਊ ਹੋਣਾ
ਬੁਰਾ ਨਹੀਂ ਹੁੰਦਾ

ਔਰਤ ਲਈ
ਬੁਰਾ ਹੁੰਦਾ ਹੈ
ਆਪਣੇ ਸੰਸਕਾਰਾਂ ਨੂੰ
ਭੁੱਲ ਜਾਣਾ
ਆਪਣੀ ਹੀ ਨਜ਼ਰ ’ਚੋਂ
ਡਿੱਗ ਜਾਣਾ
ਉਂਜ ਭਾਵੇਂ
ਸਾਰਾ ਸ਼ਰੀਰ ਹੀ
ਢਕਿਆ ਹੋਵੇ

# ਹੇ ਫ਼ਕੀਰਾ !

ਹੇ ਫ਼ਕੀਰਾ!
ਕਹਿ ਕੇ ਜਗਤ ਰਵੀਰਾ
ਤੂੰ ਤਾਂ
ਕੁਮੰਡਲ ਉਠਾ ਕੇ ਤੁਰਜੇਂਗਾ

ਪਰ
ਡੇਰੇ ਵਿੱਚ
ਤੇਰੇ ਹੁੰਦਿਆਂ
ਜੋ ਕੁੱਝ ਹੋਇਆ
ਧਨੀ ਹੱਸੇ
ਤੇ ਨਿਰਧਨ ਰੋਇਆ
ਤੂੰ
ਇਹ ਹਿਸਾਬ ਤਾਂ ਦਿੰਦਾ ਜਾਈਂ
ਰੱਬ ਦੀ ਕਚਹਿਰੀ ਵਾਲਾ ਲੇਖਾ
ਗੱਲਾਂ ਬਾਅਦ ਦੀਆਂ
ਬਾਅਦ ਦਾ ਝੇੜਾ
ਪਹਿਲਾਂ ਇੱਥੇ ਹੋਊ ਨਿਬੇੜਾ

# ਅੱਗ ਤੇ ਜੇਬ੍ਹ

ਕਾਲੇ-ਚਿੱਟੇ ਵਾਲ
ਮਸਤਾਨੀ ਚਾਲ
ਛਮਕ-ਛੱਲੋ ਨਾਲ
ਧੂੰਨੀ ਥੱਲੇ ਅੱਗ ਬਲਦੀ

ਧੂੰਨੀ ਥੱਲੇ ਲੱਗੀ ਅੱਗ
ਹੌਲੀ ਹੌਲੀ ਜੇਬ੍ਹ ਵੱਲ ਵਧਦੀ
ਨੋਟਾਂ ਨੂੰ ਲੱਗਦੀ

ਮੱਧ ਵਰਗੀ ਬੰਦਾ
ਬੌਣੀ ਜਿਹੀ ਆਮਦਨ
ਜੇਬ੍ਹ ਵੱਲ ਆਈ ਅੱਗ ਤੋਂ ਡਰਦਾ
ਮੀਂਹ ਨਾ ਕਣੀ
ਧੂੰਨੀ ਥੱਲੇ ਅੱਗ ਦੀ ਥਾਂ
ਧੂੰਆਂ ਹੀ ਧੂੰਆਂ

ਕਾਲੇ-ਚਿੱਟੇ ਵਾਲ
ਬਲਦ ਮੂਤਣੀ ਚਾਲ
ਨਾ ਕੋਈ ਅੱਗ, ਨਾ ਅੰਗਾਰ
ਖਾਲੀ ਜੇਬ੍ਹ
ਉਜਾੜ ਬਜ਼ਾਰ

# ਚਲੋ ਹੁਣ

ਚਲੋ ਹੁਣ
ਪੁਰਾਣੀਆਂ ਰੀਲਾਂ ਵਿੱਚ
ਜੋ ਕੁੱਝ ਵੀ
ਬੇਲੋੜਾਂ ਭਰਿਆ ਹੈ
ਉਸਨੂੰ ਭੁੱਲ ਜਾਈਏ
ਤੇ ਜੋ ਕੁੱਝ ਚੰਗਾ ਹੈ
ਸਾਂਭਣ ਯੋਗ ਹੈ
ਉਸਨੂੰ ਪੈੱਨ ਡਰਾਇਵ 'ਚ
ਭਰਕੇ ਸਾਂਭੀਏ
ਕੰਪਿਊਟਰ 'ਚ
ਡਾਊਨ ਲੋਡ ਕਰੀਏ

ਪੁਰਾਣਾ
ਸਭ ਕੁੱਝ ਹੀ
ਵਿਸਾਰਨ ਯੋਗ ਨਹੀਂ ਹੁੰਦਾ

# ਚਮਕਾਰਾ

ਵੱਡੀ ਹਵੇਲੀ
ਡਰਾਇੰਗ ਰੂਮ ਦੇ
ਸ਼ੋਅ ਕੇਸ ਵਿੱਚ
ਸਜਾਈਆਂ
ਸੁੰਦਰ ਦਿਖ ਵਾਲੀਆਂ ਕਿਤਾਬਾਂ
ਵਿਭਿੰਨ ਵਿਸ਼ਿਆਂ ਦੀਆਂ
ਮੋਟੀਆਂ ਮੋਟੀਆਂ ਕਿਤਾਬਾਂ

ਕਈ ਭਾਸ਼ਾਵਾਂ 'ਚ
ਛਪੀਆਂ ਇਹ ਕਿਤਾਬਾਂ
ਅਨਛੋਹੀਆਂ
ਕੰਜਕਾਂ ਕਵਾਰੀਆਂ

●●●

ਫੁੱਲਾਂ ਵਰਗੀ ਧੀ ਦਾ ਵੀ
ਗੱਡੇ ਜਿੰਨਾ ਭਾਰ ਹੈ।
ਹੈ ਜੇਬ੍ਹ, ਸੱਖਣੀ-ਸੱਖਣੀ
ਤੇ ਭਰਿਆ ਹੋਇਆ ਬਾਜ਼ਾਰ ਹੈ।

# ਜਾਤ

ਉਹ
ਕਮਰੇ ਦਾ ਬੂਹਾ ਲੰਘਦਿਆਂ ਹੀ
ਚਿਪਕ ਜਾਂਦੀ ਉਸਨੂੰ
ਕਈ ਦਿਨਾਂ ਦਾ ਘਾਟਾ
ਪੂਰਾ ਕਰਨਾ ਲੋਚਦੀ
ਇੱਕੋ ਰਾਤ ਵਿੱਚ
ਉਹ ਪਿਘਲੇ ਹੋਏ ਪਲਾਂ ਵਿੱਚ
ਸਿਰਫ਼ ਪਰਮ ਆਨੰਦ ਬਾਰੇ ਹੀ ਸੋਚਦੀ

ਉਨ੍ਹਾਂ ਦੋਹਾਂ ਦੀ
ਸ਼ਾਦੀ ਉਹਦੇ ਲਈ ਨਾ-ਮੁਮਕਿਨ ਵਰਤਾਰਾ ਸੀ
ਕਿਉਂਕਿ ਵੱਖਰੀ ਜਾਤ ਦਾ ਪਵਾੜਾ ਸੀ

ਉਂਜ ਉਹ
ਆਪਣੀ ਜਾਤ ਦੇ ਬੰਦੇ ਨਾਲ
ਵਿਆਹ ਕਰਵਾ ਕੇ ਵੀ
ਆਉਂਦੀ ਰਹੀ ਉਸ ਕੋਲ
ਤੇ ਉਹਦਾ ਪੁੱਤ ਪਲੇਠੀ ਦਾ
ਬਿਲਕੁੱਲ
ਉਹਦੇ ਆਸ਼ਿਕ ਦਾ ਚਿਹਰਾ ਲੈ ਕੇ
ਜੰਮਿਆ ਹੈ,
ਕਿਸੇ ਆਨੰਦੀ ਰਾਤ 'ਚ
ਭਰੀ ਗਈ ਝੋਲ ਦਾ ਫ਼ਲ

# ਪੋਲੜ

ਪੜ੍ਹਿਆ ਲਿਖਿਆ ਬੇਸ਼ੁਮਾਰ
ਪਰ ਡਿਗਰੀ ਅਨਕੂਲ
ਨਾ ਕਿਧਰੇ
ਮਿਲਿਆ ਰੁਜ਼ਗਾਰ
ਮਨ ਦੀ ਮਿਹਨਤ ਕਰਦਿਆਂ
ਤਨ ਮੁਸ਼ੱਕਤੀ ਨਾ ਰਿਹਾ
ਪੋਲੜ ਜਿਹਾ ਨੌਜਵਾਨ
ਔਖਾ ਲੱਗੇ ਕੰਮ ਕਾਰ

●●●

ਅਕਲ ’ਤੇ ਮਿਹਨਤਾਂ ਦੇ ਨਾਲ
ਪਹੁੰਚ ਜਾਂਦੇ ਨੇ ਰੁਤਬੇ ’ਤੇ,
ਜ਼ਰੂਰੀ ਨਹੀਂ ਕਿ
ਘਾਹੀਆਂ ਦੇ ਪੁੱਤ
ਘਾਹ ਹੀ ਖੋਤਣ।

# ਲਿਖਿਆ ਹੋਇਆ ਇਤਿਹਾਸ

ਲਿਖਿਆ ਹੋਇਆ ਇਤਿਹਾਸ
ਵਾਪਰੀਆਂ ਘਟਨਾਵਾਂ ਦਾ
ਸੰਗ੍ਰਹਿ ਹੁੰਦਾ ਹੈ
ਜਿਸ ਵਿੱਚ
ਇਤਿਹਾਸਕਾਰ ਦੀ
ਇੱਛਾ ਵੀ ਰਲੀ ਹੁੰਦੀ

ਉਹ ਆਪਣੇ ਅਕੀਦੇ ਅਨੁਸਾਰ
ਕਿਸੇ ਪੱਖ ਨੂੰ ਉਭਾਰਦਾ ਹੈ
ਕਿਸੇ ਪੱਖ ਨੂੰ ਨਕਾਰਦਾ ਹੈ
ਤੇ
ਕਿਸੇ ਪੱਖ ਨੂੰ ਵਸਾਰਦਾ ਹੈ

ਲਿਖਿਆ ਹੋਇਆ
ਇਤਿਹਾਸ ਵੀ
ਪੂਰੇ ਦਾ ਪੂਰਾ
ਯਥਾਰਥ ਨਹੀਂ ਹੁੰਦਾ

# ਲੀਰ

ਯਾਰਾਂ ਦੀ ਮਹਿਫ਼ਲ 'ਚ
ਪੀਤੀ ਖਾਧੀ 'ਚ
ਉਹ ਅਕਸਰ ਹੀ ਮਾਰਦਾ ਫੜ੍ਹਾਂ
ਮੈਂ ਤਾਂ ਲੀਰਾਂ ਕਰਦੂੰ

ਕਬੀਲਦਾਰੀ 'ਚ ਉਲਝਿਆ
ਅੱਜ ਉਹ
ਕਈ ਵਰ੍ਹਿਆਂ ਬਾਅਦ ਮਿਲਿਆ
ਤੇ ਖ਼ੁਦ ਹੀ ਲੀਰ ਜਿਹੀ ਲੱਗਾ

ਵਕਤ ਬਹੁਤ
ਬੇਰਹਿਮ ਹੁੰਦਾ
ਢਾਹ ਲੈਂਦਾ
ਵੱਡੇ ਵੱਡੇ ਨਾਢੂ ਖਾਂ,
ਘੀਲਾ ਕਹਾਉਣ ਵਾਲੇ

# ਸਾਂਚਾ

ਮਾਲੀ ਲਾੱਅਨ ਦਾ
ਘਾਹ ਕੱਟਣ ਤੋਂ ਬਾਅਦ
ਤਿੱਖੀ ਤੇ ਭਾਰੀ
ਕੈਂਚੀ ਲੈ ਕੇ
ਹਿੱਜ਼ ਦੁਆਲੇ ਹੋ ਗਿਆ
ਹਿੱਜ਼ 'ਚ ਸਿਰ ਕੱਢੀ ਖੜ੍ਹਾ
ਫੁੱਲਾਂ ਨਾਲ ਭਰਿਆ
ਗੁਲਾਬ ਦਾ ਬੂਟਾ
ਡਰ ਗਿਆ

ਸਾਂਚੇ 'ਚੋਂ
ਬਾਹਰ ਨਿਕਲ ਕੇ
ਵਧਣਾ ਫੁੱਲਣਾ
ਸੱਚੀਂ
ਬਹੁਤ ਮੁਸ਼ਕਲ ਹੁੰਦੈ

# ਸ਼ਰਾਰਤੀ ਖੰਘ

ਉਮਰ ਦੇ ਵੀਂਹਵੇਂ ਵਰ੍ਹੇ ਦੌਰਾਨ
ਇਕ ਅਰਧ ਸਰਕਾਰੀ ਮਹਿਕਮੇ ਦੀ
ਨੌਕਰੀ ਕਾਰਨ
ਮੈਂ ਉਸ ਕਸਬੇ ਵਿੱਚ
ਸਾਲ ਕੁ ਹੀ ਰਿਹਾ

ਕਿਰਾਏ 'ਤੇ ਲਏ ਕਮਰੇ ਵੱਲ
ਜਾਂਦਿਆਂ-ਆਉਂਦਿਆਂ
ਮੈਂ ਲੰਘਦਾ ਜਿਸ ਗਲੀ 'ਚੋਂ
ਇਕ ਘਰ ਦੇ ਦਰਵਾਜ਼ੇ ਵਿੱਚ ਬੈਠੀ
ਚਾਦਰ ਕੱਢਦੀ ਮੁਟਿਆਰ ਸੁਨੱਖੀ
ਮੈਨੂੰ ਵੇਖ ਕੇ
ਬਣਾਉਟੀ ਖੰਘ ਖੰਘਦੀ
ਜਮ੍ਹਾਂ ਨਾ ਸੰਗਦੀ

ਮੈਂ ਉਸ ਦੌਰ ਦਾ
ਭੁੱਲ ਗਿਆ ਹਾਂ ਕਈ ਕੁੱਝ
ਪਰ ਉਸ ਅੱਲੜ੍ਹ ਮੁਟਿਆਰ ਦੀ
ਸ਼ਰਾਰਤੀ ਖੰਘ
ਹਾਲ਼ੇ ਵੀ
ਮੇਰੇ ਕੰਨਾਂ 'ਚ ਗੂੰਜਦੀ ਹੈ

# ਅੱਗ

ਰਗੜ 'ਚੋਂ ਜੰਮੀ ਅੱਗ
ਸਭਿਅਤਾ ਦੀ
ਪਹਿਲ ਪਲੇਠੀ ਮਾਂ
ਤੇਰੇ ਅੰਦਰ
ਮੇਰੇ ਅੰਦਰ
ਇਹਦੇ ਅੰਦਰ
ਉਹਦੇ ਅੰਦਰ
ਅੱਗ ਫਿਰੇ ਹਰ ਥਾਂ

ਅੱਗ ਸਿਰਜਣਾ
ਅੱਗ ਵਿਨਾਸ਼
ਭਲ਼ੇ ਥਾਂ ਬਾਲ਼ੀ
ਅੱਗ ਵਿਕਾਸ

ਅੱਗ ਜੇ
ਚੁੱਲ੍ਹੇ ਦੇ ਵਿੱਚ ਬਲਦੀ
ਖਲਕਤ ਪਲਦੀ

ਅੱਗ ਜੇ
ਬਲ਼ੇ ਹੋ ਅਵਾਰਾ
ਖਾ ਜਾਏ
ਜੰਗਲ ਬੇਲਾ ਸਾਰਾ

# ਡੀ.ਜੇ. ਵਾਲੀਆਂ

ਵਿਆਹ ਸ਼ਾਦੀ ਸਮੇਂ
ਕਿਸੇ ਪੈਲਸ 'ਚ ਨੱਚਦੀਆਂ ਕੁੜੀਆਂ ਨੂੰ
ਕਲਾਕਾਰ ਸਮਝਣਾ
ਤਾਂ ਗੱਲ ਦੂਰ ਦੀ
ਲੋਕ ਸਾਊ ਵੀ ਨਹੀਂ ਸਮਝਦੇ

ਕੰਨ ਪਾੜਵੇਂ ਸੰਗੀਤ ਦੇ ਸ਼ੋਰ ਵਿੱਚ
ਇਹ ਮੁਟਿਆਰਾਂ
ਪੈਸੇ ਲਈ ਨੱਚਦੀਆਂ
ਲੱਕ ਮਟਕਾਉਂਦੀਆਂ
ਵਿਰਲੀਆਂ ਟਾਵੀਆਂ
ਇਕ-ਦੋ ਪੈੱਗ ਲਾ ਕੇ
ਅੱਖਾਂ ਮਟਕਾਉਂਦੀਆਂ
ਵਿਗੜੈਲ ਮਹਿਮਾਨਾਂ ਦੀਆਂ
ਝੱਲਦੀਆਂ ਖਰਮਸਤੀਆਂ
ਕੋਈ ਕੋਈ ਅੱਖ
ਕਾਮੁਕ ਤੱਕਣੀ ਤੱਕਦੀ
ਚੂੰਢੀ ਵੱਢ ਕੇ ਹੱਸਦੀ

ਡੀ.ਜੇ. ਦਾ ਮਾਲਕ
ਰੱਖਦਾ ਆਪਣੇ ਗਰੁੱਪ 'ਚ
ਲਗਰ ਵਰਗੀਆਂ ਮੁਟਿਆਰਾਂ
ਤਾਂ ਕਿ ਡਿਮਾਂਡ ਵਧੇਰੇ ਰਹੇ
ਪੈਸਾ ਨੇੜੇ ਨੇੜੇ ਰਹੇ
ਡੀ.ਜੇ. ਵਿੱਚ ਸਾਰੇ ਜਿਸਮ ਵੇਖਦੇ
ਕਲਾਕਾਰੀਆਂ ਕੌਣ ਵੇਂਹਦਾ

# ਉਜੱਡ

ਕਿਸੇ ਮੁਟਿਆਰ ਨਾਲ
ਸੌਣ ਪਿੱਛੋਂ
ਗੱਭਰੂ
ਦੋਸਤਾਂ 'ਚ ਬੈਠ ਕੇ
ਉਹਨੂੰ
ਫਿਰ ਅਲਫ਼ ਨੰਗੀ ਕਰਦੇ

ਕਈ ਮੂੜ੍ਹ ਮੱਤੇ
ਮੁੰਡਿਆਂ ਦੀ ਢਾਣੀ 'ਚ ਬੈਠੇ
ਆਪਣੀ ਪਤਨੀ ਦੇ ਕਪੜੇ ਉਤਾਰ ਦਿੰਦੇ

ਕੌਣ ਸਮਝਾਵੇ ਉਜੱਡਾ ਨੂੰ
ਕਿ ਓਹਲੇ ਦੀਆਂ ਗੱਲਾਂ
ਮੰਡੀਰ੍ਹ 'ਚ ਉਛਾਲ ਕੇ
ਕਿਸੇ ਔਰਤ ਨੂੰ ਬੇਪੱਤ ਨਹੀਂ ਕਰੀਦਾ

# ਜਾਗੋ

ਜਾਗੋ
ਕਿ ਜਾਗੇ ਬਿਨਾ ਗੱਲ ਨਾ ਬਣੇ

ਉੱਠੋ
ਕਿ ਉੱਠੇ ਬਿਨਾ ਨਹੀਂ ਸਰਨਾ

ਤੁਰੋ
ਕਿ ਤੁਰਿਆਂ ਹੀ ਪੰਧ ਮੁੱਕਣੇ

ਹੱਸੋ
ਕਿ ਹੱਸਦਿਆਂ ਦੇ ਘਰ ਵਸਦੇ

ਨੱਚੋ
ਕਿ ਜ਼ਿੰਦਗੀ ਜਸ਼ਨ ਵਰਗੀ

ਜੂਝੋ
ਕਿ ਜੂਝਿਆਂ ਹੀ ਹੱਕ ਮਿਲਦੇ

# ਬੇਲੋੜਾ ਪ੍ਰਵਾਸ

ਪੰਛੀ ਤਦ ਕਰਦੇ ਪ੍ਰਵਾਸ
ਜਦ
ਚੁਗਣ ਨੂੰ ਚੋਗਾ ਨਾ ਮਿਲੇ
ਮੌਸਮ ਰਹਿਣ ਜੋਗਾ ਨਾ ਮਿਲੇ

ਪਸ਼ੂ ਵੀ ਕਰਦੇ ਪ੍ਰਵਾਸ
ਜਦ ਚਰਾਂਦਾ ਹੋ ਜਾਣ ਰੁੰਡ
ਉਹ ਸੋਕੇ ਦੇ ਦੌਰ 'ਚ
ਹਰੀਆਂ ਚਰਾਂਦਾ ਵੱਲ ਵਧਦੇ

ਰੰਗਲੀ ਧਰਤ ਪੰਜਾਬ ਦੀ
ਵੰਨ- ਸੁਵੰਨੇ ਮੌਸਮ
ਰਹਿਣਯੋਗ
ਸਹਿਣਯੋਗ
ਖਾਣ ਨੂੰ ਅੰਨ ਹੈ
ਪੀਣ ਨੂੰ ਪਾਣੀ ਹੈ
ਉਦਮ ਲਈ ਮੌਕੇ ਵੀ ਹਨ

ਪੰਜਾਬੀਓ!
ਪੰਜਾਬ ਸੰਭਾਲਣ ਦੀ ਥਾਂ
ਦੂਰ ਉਡਾਰੀ ਮਾਰ ਰਹੇ ਹੋਂ
ਆਪਣਾ ਮੁਲਕ ਉਜਾੜ ਰਹੇ ਹੋਂ

# ਚਾਦਰ ਕੱਢਦੀ ਮੁਟਿਆਰ

ਵਿੱਚ ਦਰਵਾਜ਼ੇ ਦੇ
ਚਾਦਰ ਕੱਢਦੀ ਮੁਟਿਆਰ
ਰੰਗ-ਬਰੰਗੇ ਰੇਸ਼ਮੀ ਧਾਗਿਆਂ ਨਾਲ
ਕਿੰਨੀਆਂ ਹੀ ਰੀਝਾਂ,
ਕਿੰਨੇ ਹੀ ਚਾਅ
ਤੇ ਕਿੰਨੇ ਹੀ ਸੁਪਣੇ ਲਪੇਟ ਕੇ
ਕੱਢਦੀ ਫੁੱਲ-ਬੂਟੀਆਂ ਦੇ ਅਕਾਰ
ਉਡਾਰੀ ਮਾਰਦੀ ਚਿੜੀਆਂ ਦੀ ਡਾਰ

ਰੱਬ ਕਰੇ
ਵਿਆਹ ਪਿੱਛੋਂ ਬੈੱਡ 'ਤੇ ਵਿਛਾਈ
ਇਸ ਸ਼ਗਨਾਂ ਵਾਲੀ ਚਾਦਰ ਦੇ
ਫੁੱਲ ਮਹਿਕਣ
ਉੱਡਦੀਆਂ ਚਿੜੀਆਂ
ਮਸਤੀ 'ਚ ਚਹਿਕਣ

# ਫ਼ਰਕ

ਜਿਸਮਾਂ ਦੀ ਖੇਡ
ਜੇ
ਖੇਡ ਤੱਕ ਹੀ ਸੀਮਤ ਹੈ
ਤਾਂ ਇਹ ਪਿਘਲੇ ਹੋਏ
ਮੁਹੱਬਤੀ ਪਲਾਂ ਦੇ
ਅਨੰਦ ਤੋਂ ਊਣੀ ਹੈ

ਕੰਟੀਨ ਦੀ ਚਾਹ
ਤੇ
ਘਰ ਦੀ ਦੁੱਧ ਪੱਤੀ 'ਚ
ਫ਼ਰਕ ਤਾਂ
ਹੁੰਦਾ ਹੈ ਆਖਿਰ

# ਰਾਂਝੇ ਦੀ ਵੰਝਲੀ

ਨੀਰੋ
ਮਹਿਲ 'ਚ ਬੈਠਾ
ਬੰਸਰੀ ਵਜਾਉਂਦਾ ਹੈ
ਤੋਪਾਂ ਅੱਗ ਵਰ੍ਹਾਉਂਦੀਆਂ ਨੇ
ਬੰਬ ਧਰਤ ਕੰਬਾਉਂਦਾ ਹੈ
ਕੁਰਲਾਹਟ ਮਚਦੀ ਹੈ
ਅੱਗਾਂ ਲੱਗਦੀਆਂ ਨੇ
ਲਾਸ਼ਾਂ ਵਿਛਦੀਆਂ ਨੇ

ਰਾਂਝਾ
ਬੇਲੇ 'ਚ ਵੰਝਲੀ ਵਜਾਉਂਦਾ ਹੈ
ਵਣ, ਤ੍ਰਿਨ, ਪ੍ਰਾਨੀ
ਵਜਦ ਵਿੱਚ ਝੂਮਦੇ ਹਨ
ਸਗਲ ਬ੍ਰਹਿਮੰਡ
ਜ਼ਿੰਦਗੀ ਦਾ ਗੀਤ ਗਾਉਂਦਾ ਹੈ

ਅਸੀ ਨੀਰੋ ਦੀ ਬੰਸਰੀ
ਅੱਗ 'ਚ ਸਾੜਨੀ ਹੈ
ਤੇ ਰਾਂਝੇ ਦੀ ਵੰਝਲੀ
ਯੁੱਗਾਂ ਤੀਕ ਸਾਂਭਣੀ ਹੈ

# ਸਾਇਕਲ ਸਿੱਖਦਾ ਬੱਚਾ

ਸਾਇਕਲ ਚਲਾਉਣਾ ਸਿੱਖਦਾ ਬੱਚਾ
ਪਹਿਲਾਂ ਪਹਿਲਾਂ
ਪਿਛਲੇ ਪਹੀਏ ਨਾਲ ਲੱਗੀਆਂ
ਸਪੋਟਾਂ ਨਾਲ ਚਲਾਉਂਦਾ ਸਾਇਕਲ
ਤੇ ਫਿਰ ਸਪੋਟਾਂ ਬਿਨਾਂ
ਭਜਾਉਂਦਾ ਸਾਇਕਲ

ਬੱਚਾ ਛੋਟਾ ਹੈ
ਸਾਇਕਲ ਵੀ ਛੋਟਾ ਹੈ
ਸਵਾਰੀ ਤੇ ਸਵਾਰ ਦਾ
ਮੇਚ ਦਾ ਜੋਟਾ ਹੈ

ਸਾਇਕਲ ਭਜਾਉਂਦਾ ਬੱਚਾ
ਸਾਇਕਲ ਨੂੰ
ਹਵਾਈ ਜਹਾਜ਼ ਵਾਂਗ
ਉਡਾਉਣਾ ਚਾਹੁੰਦਾ ਹੈ
ਅੰਬਰਾਂ ਨੂੰ
ਹੱਥ ਲਾਉਣਾ ਚਾਹੁੰਦਾ ਹੈ

# ਪੁਸਤਕ ਮੇਲੇ ਦੀ ਇਕ ਨੁਕਰੇ

ਪੁਸਤਕ ਮੇਲੇ ਦੀ ਇਕ ਨੁਕਰੇ
ਕੌਫੀ ਹਾਊਸ
ਉੱਥੇ ਕਵੀ ਨੂੰ
ਮਿਲੇ ਕੁੱਝ ਨਵੇਂ ਨਵੇਂ ਜਵਾਨ ਹੋਏ
ਗੱਭਰੂ ਤੇ ਮੁਟਿਆਰਾਂ
ਕਹਿੰਦੇ ਸਾਨੂੰ ਨਵੀਂ ਕਵਿਤਾ ਪਸੰਦ ਨਹੀਂ
ਅਸੀਂ ਕਵਿਤਾ ਦੀ ਕਿਤਾਬ ਨਹੀਂ ਖ਼੍ਰੀਦਦੇ

ਮੱਘ ਵਿੱਚੋਂ
ਕੌਫੀ ਦੀਆਂ ਚੁਸਕੀਆਂ ਭਰਦਿਆਂ
ਕਵੀ ਨੇ
ਉਨ੍ਹਾਂ ਨੂੰ ਇੱਕ ਮੁਹੱਬਤੀ ਕਵਿਤਾ ਸੁਣਾਈ
ਸਰਸ਼ਾਰ ਹੋਏ ਨੌਜਵਾਨਾਂ ਨੇ
ਇਕ ਹੋਰ ਸੁਣਾਉਣ ਦੀ ਫ਼ਰਮਾਇਸ਼ ਕੀਤੀ

ਬਾਅਦ ਵਿੱਚ
ਪੁਸਤਕ ਮੇਲੇ 'ਚ ਘੁੰਮਦੇ ਕਵੀ ਨੂੰ
ਅਚਾਨਕ
ਉਹ ਨੌਜਵਾਨ ਫਿਰ ਮਿਲ ਪਏ
ਉਨ੍ਹਾਂ ਦੇ ਹੱਥਾਂ ਵਿੱਚ
ਕਾਵਿ – ਪੁਸਤਕਾਂ ਵੀ ਸਨ
ਜੋ ਸਨ ਉਨ੍ਹਾਂ ਨੇ ਹੁਣੇ ਹੁਣੇ ਖ਼੍ਰੀਦੀਆਂ

ਕਵੀ ਦੀ ਕਵਿਤਾ ਤੇ ਚੰਗੀ ਅਦਾਇਗੀ ਨੇ
ਉਨ੍ਹਾਂ ਨੌਜਵਾਨਾਂ ਨੂੰ
ਕਵਿਤਾ ਨਾਲ ਮੁਹੱਬਤ ਕਰਨੀ ਸਿਖਾ ਦਿੱਤੀ

# ਗੰਗਾ ਉਡੀਕਦੀ

ਹਰਿਦੁਆਰ
ਗੰਗਾ ਨਦੀ ਦੀ ਕੁਸ਼ਾ ਘਾਟ 'ਤੇ
ਕਿਸੇ ਆਪਣੇ ਦੇ
ਫੁੱਲ ਪਾਉਣ ਗਿਆ ਵਿਅਕਤੀ
ਆਪਣੇ ਕੁਲ-ਪੁਰੋਹਿਤ ਦੇ ਕਮਰੇ 'ਚ ਬੈਠਾ
ਉਸਦੀ ਵਹੀ ਵਿੱਚੋਂ
ਆਪਣੇ ਹੋ ਗੁਜ਼ਰੇ ਵਡੇਰਿਆਂ ਬਾਰੇ ਵੀ ਜਾਣਦਾ ਹੈ

ਕੁਲ-ਪੁਰੋਹਿਤ
ਕਈ ਪੀੜ੍ਹੀਆਂ ਦੇ ਨਾਵਾਂ ਦਾ ਵੇਰਵਾ ਸਾਂਭਦਾ ਹੈ
ਤੇ ਇਹ ਵੀ
ਕਿ ਕੌਣ ਕੀਹਦੇ, ਕਦੋਂ ਫੁੱਲ ਪਾਉਣ ਆਇਆ
ਤੇ ਫਿਰ ਉਹਦੇ ਫੁੱਲ ਕੌਣ ਲਿਆਇਆ

ਕੁਲ ਪੁਰੋਹਿਤ ਦੀ ਵਹੀ ਵਿੱਚ
ਕਿਸੇ ਪਰਿਵਾਰ ਦੇ
ਜਿਉਂਦੇ ਜੀਆਂ ਦਾ ਵੀ
ਦਰਜ ਹੁੰਦਾ ਵੇਰਵਾ
ਤੇ ਵਹੀ ਉਨ੍ਹਾਂ ਨੂੰ ਵੀ ਉਡੀਕਦੀ
ਕਿਸੇ ਆਪਣੇ ਦੇ ਫੁੱਲ ਪਾਉਣ ਆਉਣਗੇ
ਜਾਂ ਖੁਦ ਫੁੱਲ ਬਣ ਕੇ ਪਹੁੰਚਣਗੇ

# ਬੇਬੇ

ਪੇਂਡੂ ਘਰ ਦੀ
ਓਪਨ ਰਸੋਈ ਵਿੱਚ
ਤਵੇ 'ਤੇ ਰੋਟੀਆਂ ਲਾਹੁੰਦੀ ਬੇਬੇ ਕੋਲ
ਮੈਂ ਪੀੜ੍ਹੀ 'ਤੇ ਬੈਠਾ
ਤਵੇ ਤੋਂ ਲਹਿੰਦੀ
ਰੋਟੀ ਰਿਹਾ ਸੀ ਖਾ
ਵਿੱਚ ਵਿੱਚ ਭਰਦਾ ਘੁੱਟ
ਲੱਸੀ ਦੇ ਗਿਲਾਸ 'ਚੋਂ

ਮੈਂ ਸੁਭਾਵਿਕ ਹੀ ਕਿਹਾ
ਬੱਸ ਬੇਬੇ
ਇਹ ਮੇਰੀ ਆਖਰੀ ਰੋਟੀ ਹੈ
ਬੇਬੇ ਦੀਆਂ ਅੱਖਾਂ ਛਲਕ ਪਈਆਂ
ਪੁੱਤ
ਫਿਰ ਕਦੇ ਵੀ ਆਖਰੀ ਰੋਟੀ ਨਾ ਕਹੀਂ
ਇਹ ਬੜਾ ਕੁਲਹਿਣਾ ਸ਼ਬਦ ਹੈ
ਤੂੰ ਕਿਹਾ ਕਰ
ਬੇਬੇ ਮੈਂ ਰੱਜ ਗਿਆ

# ਉਹ ਕਹਿੰਦੀ

ਉਹ ਕਹਿੰਦੀ,
'ਤੁਸੀਂ ਵੀ ਅਜ਼ੀਬ ਸ਼ੈਅ ਹੋਂ'
ਮੈਂ ਪੁੱਛਿਆ, 'ਕਿਉਂ ?'

ਉਹ ਬੋਲੀ,
'ਖਾਣਾ ਖਾਣ ਸਮੇਂ
ਕਦੇ ਨਹੀਂ ਕਿਹਾ ਤੁਸੀਂ
ਰੋਟੀ ਦਾ ਕਿਨਾਰਾ ਕੱਚਾ ਹੈ
ਜਾਂ ਜ਼ਿਆਦਾ ਰੜ੍ਹ ਗਈ ਹੈ
ਤੇ ਨਾ ਹੀ ਕਦੇ
ਦਾਲ ਸਬਜ਼ੀ ਵਿੱਚ
ਲੂਣ-ਮਿਰਚ ਘੱਟ ਵੱਧ ਹੋਣ ਬਾਰੇ
ਕਦੇ ਕੀਤੀ ਸ਼ਿਕਾਇਤ
ਇੱਥੋਂ ਤੱਕ
ਕਿ ਦਾਲ ਸਬਜ਼ੀ ਬਾਰੇ
ਕਦੇ ਆਪਣੀ
ਪਸੰਦ-ਨਾਪਸੰਦ ਵੀ ਨਹੀਂ ਪ੍ਰਗਟਾਈ'

ਮੈਂ ਕਿਹਾ,
'ਖਾਣ-ਪੀਣ ਦੀਆ ਵਸਤਾਂ ਬਾਰੇ
ਜ਼ਿਆਦਾ ਨਿਘੋਚਪੁਣਾ
ਮੈਨੂੰ ਚੰਗਾ ਨਹੀਂ ਲੱਗਦਾ
ਕੀ ਤੂੰ ਜਾਣਦੀ ਏਂ
ਇਸ ਧਰਤੀ 'ਤੇ ਕਰੋੜਾਂ ਲੋਕ
ਨਿੱਤ
ਅੰਨ ਦੀ ਅਨਹੋਂਦ ਵਿੱਚ
ਭੁੱਖਣ-ਭਾਣੇ ਸੌਂਦੇ ਹਨ ?'

# ਸਲਾਹ

ਗਲੀ 'ਚ
ਪਾਲਤੂ ਕੁੱਤਾ
ਘੁੰਮਾਉਂਦੀ ਔਰਤ ਨੂੰ
ਗੁਆਂਢਣ ਕਹਿੰਦੀ,
ਤੂੰ ਕੁੱਤੇ ਦੀ ਥਾਂ
ਬੱਕਰੀ ਰੱਖ ਲੈ

ਬੱਕਰੀ
ਘਾਹ-ਫੂਸ ਖਾ ਕੇ
ਜੜੀਆਂ-ਬੂਟੀਆਂ ਵਾਲਾ
ਸਿਹਤ ਵਰਧਕ ਦੁੱਧ ਦੇਇਆ ਕਰੇਗੀ

ਆਖੇ ਲੱਗ
ਕੁੱਤੇ ਦੀ
ਪੋਟੀ ਚੁੱਕਣ ਦੀ ਥਾਂ
ਬੱਕਰੀ ਦੀਆਂ
ਮੀਂਗਣਾਂ ਸੁੰਭਰਿਆ ਕਰ

# ਚਾਹਤ/ਅਚਾਹਤ

ਜੀਹਦੇ ਬਿਨ ਕਦੇ
ਬਿੰਦ ਨਹੀਂ ਸਰਦਾ
ਫਿਰ ਉਹਦੇ ਬਿਨ
ਉਮਰ ਵੀ ਜਾਂਦੀ ਬੀਤ

ਜਿਸ ਬਿਨ ਕਦੇ
ਗਲੀਆਂ ਉਜਾੜ ਥੀਵਣ
ਫਿਰ
ਬਹਾਰ ਤਾਂ ਉਸ ਬਿਨ ਵੀ
ਜਾਂਦੀ ਹੈ ਆ

ਚਾਹਤ ਮੂੰਹ-ਜ਼ੋਰ ਹੁੰਦੀ ਹੈ
ਪਰ ਉਮਰ ਲੰਬੇਰੀ ਨਹੀਂ ਹੁੰਦੀ
ਚਾਹਤ ਹੌਲੀ ਹੌਲੀ
ਅਚਾਹਤ ਵੱਲ ਨੂੰ ਵਧਦੀ
ਚਾਹਤ ਮਰਦੀ ਤਾਂ ਨਹੀਂ
ਪਰ ਰੂਪ ਹੈ ਵਟਾਉਂਦੀ

# ਕਾਕਾ ਜੀ ਕੀ ਕਰਦੇ ਆ

ਮੈਂ ਇਹ ਨਹੀਂ ਕਹਿੰਦਾ
ਸਾਰੇ ਮਾੜੇ
ਕਈ ਭਲ਼ੇ
ਕਈ ਸਾਊ ਵੀ ਨੇ,
ਮਾਪਿਆਂ ਦੀ ਅੱਖ ਦੇ ਤਾਰੇ
ਪਰ ਅੱਜ ਕੱਲ੍ਹ ਇਹ ਸਵਾਲ
ਮਾਪਿਆਂ ਦੇ ਮਨ 'ਚ
ਲਿਆ ਦਿੰਦਾ ਭਿਆਨਕ ਭੂਚਾਲ
'ਅਖੇ ਕਾਕਾ ਜੀ ਕੀ ਕਰਦੇ ਆ'

ਦੱਸਣ ਤਾਂ ਕੀ ਦੱਸਣ ਮਾਪੇ
ਕਲਾ ਕਲੇਸ਼-ਪਿੱਟ ਸਿਆਪੇ
'ਕਾਕਾ ਜੀ ਅੱਜ ਕੱਲ੍ਹ
ਵਿਹਲੇ ਰਹਿੰਦੇ ਆ
ਨਸ਼ੇ ਕਰਦੇ
ਤੇ ਗਲ ਪੈਂਦੇ ਆ
ਏਧਰ ਕੋਈ ਕੰਮ ਕਾਰ
ਕਰਨ ਤੋਂ ਭੱਜਦੇ ਆ
ਦੇਸ਼ ਬਾਹਰਲੇ ਜਾਣ ਦੀ ਜ਼ਿਦ ਕਰਦੇ ਆ'

'ਅੱਜ ਕੱਲ੍ਹ ਕਾਕਾ ਜੀ
ਮਾਪਿਆਂ ਨੂੰ ਤੰਗ ਕਰਦੇ ਆ
ਸ਼ਰੀਫ਼ ਮਨਾਂ ਵਿੱਚ
ਡਿਪਰੈਸ਼ਨ ਦੇ ਪੱਥਰ ਧਰਦੇ ਆ'

# ਪੂਛ

ਪੂਛ
ਨਿੱਕੀ ਜਾਂ ਵੱਡੀ
ਸਾਰੇ ਪਸ਼ੂਆਂ ਦੇ ਹੁੰਦੀ

ਬਾਂਦਰ ਬਿਰਖਾਂ ਨਾਲ ਲਟਕਣ ਲਈ ਵਰਤਦੇ
ਮੱਝਾਂ-ਗਾਵਾਂ
ਪੂਛ ਨਾਲ
ਪਿੰਡੇ ਤੋਂ ਮੱਖੀਆਂ ਉਡਾਉਂਦੀਆਂ
ਜਾਂ ਚਿੱਕੜ 'ਚ ਲਿਟ ਕੇ
ਇਸ ਨਾਲ ਇਕ ਦੂਜੀ ਨੂੰ ਲਬੇੜਦੀਆਂ

ਕੰਗਾਰੂ
ਦੋ ਲੱਤਾਂ 'ਤੇ ਭੱਜਣ ਸਮੇਂ
ਪੂਛ ਨਾਲ ਸੰਤੁਲਨ ਬਣਾਉਂਦਾ

ਪਸ਼ੂਆਂ ਲਈ ਪੂਛ
ਲੰਬੀ ਜਾਂ ਛੋਟੀ ਨਹੀਂ ਹੁੰਦੀ
ਪੂਛ ਬੱਸ ਪੂਛ ਹੁੰਦੀ ਹੈ
ਲੋੜ ਕੁ ਜਿੰਨੀ

ਪਹਿਲਾਂ ਪਹਿਲ
ਆਦਮੀ ਦੇ ਵੀ ਪੂਛ ਹੁੰਦੀ ਸੀ
ਜੋ ਸਮੇਂ ਨਾਲ ਲੁਪਤ ਹੋ ਗਈ
ਪਰ ਹੁਣ ਵੀ ਕਈ ਵਿਅਕਤੀ
ਆਪਣੇ ਪਿੱਛੇ
ਕੋਈ ਨਾ ਕੋਈ ਪੂਛ ਲਾ ਕੇ
ਉਸਨੂੰ ਨੂੰ ਸੰਭਾਲਣ 'ਚ ਉਲਝੇ ਰਹਿੰਦੇ

# ਸੇਵਾ ਮੁਕਤੀ ਤੋਂ ਬਾਅਦ

ਸੇਵਾ ਮੁਕਤੀ ਤੋਂ ਬਾਅਦ
ਵਰ੍ਹਿਆਂ ਤੋਂ ਚੱਲ ਰਿਹਾ ਰੁਟੀਨ
ਟੁੱਟ ਜਾਂਦਾ ਹੈ
ਘੜੀ ਤੇ ਕੈਲੰਡਰ ਦੀ
ਪਹਿਲਾਂ ਜਿੰਨੀ ਲੋੜ ਨਾ ਰਹਿੰਦੀ

ਪਰ ਹੈ ਤਾਂ ਇਹ ਵੀ ਸੱਚ
ਜੇ ਬਿਨਾਂ ਸਟਾਰਟ ਕੀਤਿਆਂ
ਖੜ੍ਹਾ ਰਹੇ ਕੋਈ ਵ੍ਹੀਕਲ
ਲੰਬਾ ਸਮਾਂ
ਤਾਂ ਇੰਜਣ ਦੁਬਾਰਾ ਸਟਾਰਟ ਹੋਣ ਲਈ
ਸਰਵਿਸ ਮੰਗਦਾ
ਕਵਰਿਡ 'ਚ ਸੰਭਾਲੇ ਕਪੜਿਆਂ ਨੂੰ
ਜੇ ਬਾਹਰ ਕੱਢ ਕੇ
ਧੁੱਪ-ਹਵਾ ਨਾ ਲਵਾਲੀਏ
ਤਾਂ ਉਨ੍ਹਾਂ ਵਿਚੋਂ ਹੁੰਮਕ ਆਉਂਦੀ
ਕੀੜਾ ਲੱਗਣ ਦਾ ਖਦਸ਼ਾ ਹੁੰਦਾ

ਅੱਜ ਕੱਲ੍ਹ
ਕਦੇ ਕਦੇ
ਵ੍ਹੀਕਲ ਦਾ ਇੰਜਣ ਸਟਾਰਟ ਕਰਨ ਵਾਂਗ
ਕਵਰਡ 'ਚ ਪਏ ਕਪੜਿਆਂ ਨੂੰ
ਧੁੱਪ-ਹਵਾ ਲਵਾਉਣ ਵਾਂਗ
ਮੈਂ ਵੀ
ਸਾਹਿਤਕ-ਸਭਿਆਚਾਰਕ ਸਮਾਗਮਾਂ 'ਚ
ਗੇੜੀ ਮਾਰ ਆਉਂਦਾ ਹਾਂ

# ਉਹ ਕਹਿੰਦਾ

ਉਹ ਕਹਿੰਦਾ
ਤੈਨੂੰ ਨਹੀਂ ਲੱਗਦਾ
ਪੰਜਾਬੀਆਂ ਦੇ ਘਰਾਂ 'ਚੋਂ
ਹੌਲੀ ਹੌਲੀ
ਦਿਨ-ਬਦਿਨ
ਵਿਰਾਸਤੀ ਵਸਤੂਆਂ
ਅਲੋਪ ਹੁੰਦੀਆਂ ਜਾ ਰਹੀਆਂ

ਮੈਂ ਕਿਹਾ
ਤੂੰ ਕਦੇ
ਗਹੁ ਨਾਲ ਤੱਕੀਂ
ਪੰਜਾਬੀਆਂ ਦੇ ਘਰਾਂ 'ਚੋਂ ਤਾਂ
ਪੰਜਾਬੀ ਹੀ
ਗਾਇਬ ਹੁੰਦੇ ਜਾ ਰਹੇ

# ਸਾਰ ਨਾ ਕੋਈ

ਸਾਰੇ ਟੱਬਰ ਦਾ
ਕੈਨੇਡਾ ਦਾ
ਵੀਜ਼ਾ ਆਇਆ

ਚਾਅ ਚੜ੍ਹਿਆ
ਖੁਸ਼ੀ ਮਨਾਈ
ਭੰਗੜਾ ਪਾਇਆ

ਪੈਰਾਂ ਹੇਠਲੀ ਭੋਇੰ
ਪਹਿਲਾਂ ਹੱਸੀ
ਫਿਰ ਰੋਈ
ਅਨਜਾਣਾ ਨੂੰ
ਸਾਰ ਨਾ ਕੋਈ

# ਟੀਕਾ

ਉਹ
ਜੋ ਬਚਪਨ ਵਿੱਚ
ਮੰਮੀ ਨਾਲ
ਕਲੀਨਕ 'ਤੇ ਗਿਆ,
ਡਾਕਟਰ ਦੇ ਹੱਥ 'ਚ
ਸਰਿੰਜ ਵੇਖਕੇ
ਮਾਰਨ ਲੱਗ ਜਾਂਦਾ ਸੀ ਚੰਘਿਆੜਾ
ਹੁਣ ਖ਼ੁਦ ਹੀ
'ਡਾਕਟਰ' ਬਣਿਆ ਫਿਰਦੈ
ਨਸ਼ੀਲੇ ਚਿੱਟੇ ਪਾਉਡਰ ਨੂੰ
ਪਾਣੀ 'ਚ ਘੋਲ
ਭਰਕੇ ਸਰਿੰਜ 'ਚ
ਚੰਦਰੇ ਨੇ ਸੂਈਆਂ ਨਾਲ
ਆਪਣੇ ਸ਼ਰੀਰ ਦੀ
ਨਾੜ-ਨਾੜ
ਵਿੰਨ੍ਹ ਧਰੀ ਹੈ

# ਕੋਸਾ ਪਾਣੀ (ਦੋ)

ਬਹੁਤਿਆਂ ਸਿਆਣਿਆਂ!
ਉਦਾਸੀ ਦੇ ਆਲਮ 'ਚ
ਜੇ ਕਦੇ
ਰੋਣ ਨੂੰ ਦਿਲ ਕਰੇ
ਤਾਂ ਰੋ ਲਿਆ ਕਰ

ਬਾਹਰ ਦੀ ਥਾਂ
ਅੰਦਰ ਡੁੱਲ੍ਹਦੇ ਹੰਝੂ
ਦੇਹੀ ਨੂੰ ਖੋਰ ਦਿੰਦੇ

•••

ਨੀ ਮੈਂ
ਹਾਸੇ ਹੇਠਾਂ
ਅੱਥਰੂ ਲਕੋ ਕੇ,
ਉਮਰਾਂ ਦਾ
ਜ਼ਹਿਰ ਪੀ ਲਿਆ

# ਕੁਦਰਤ ਦੇ ਰੰਗ

ਪ੍ਰਤਿਕੂਲ ਮੌਸਮ ਦੀ
ਮਾਰ ਦੇ ਮਾਰੇ
ਸੁੱਕੇ ਹੋਏ ਰੁੱਖ ’ਤੇ
ਅਛੋਪਲੇ ਜਿਹੇ
ਚੜ੍ਹ ਗਈ
ਪੋਰੇ ਨੇੜੇ ਉੱਗੀ ਵੇਲ

ਸੁੱਕੀਆਂ ਟਾਹਣੀਆਂ
ਬਿਰਖ ਦੀਆਂ ’ਤੇ
ਟਹਿਕਣ ਲੱਗੇ
ਹਰੇ ਪੱਤੇ
ਕੇਸਰੀ ਫੁੱਲ

ਕੁਦਰਤ
ਆਪਣੇ ਕੀਤੇ ਕੱਤਰੇ ਨੂੰ
ਮੁੜ ਸ਼ਿੰਗਾਰਨਾ ਜਾਣਦੀ

# ਉਮੀਦ ਕਾਇਮ ਹੈ

ਕਈ ਵਾਰ
ਆਇਆ ਮਨ 'ਚ
ਮੋਬਾਇਲ ਫੋਨ 'ਚੋਂ
ਡਿਲੀਟ ਕਰ ਦਿਆਂ
ਨੰਬਰ ਨਿਰਮੋਹੀ ਦਾ
ਪਰ
ਕਰ ਨਹੀਂ ਸਕਿਆ

ਕਦੇ ਨਾ ਕਦੇ
ਮੋਬਾਇਲ 'ਚ
ਉਹਦੇ
ਫੀਡ ਕੀਤੇ ਨਾਂ ਵਾਲੀ
ਰਿੰਗ ਵੱਜਣ ਦੀ
ਉਮੀਦ
ਕਾਇਮ ਹੈ ਹਾਲ਼ੇ

●●●

ਕਦੇ ਸੁਪਣੇ 'ਚ
ਮਿਲ ਡੁੱਬ ਜਾਈਏਂ!
ਮਿਲਿਆ ਨੂੰ
ਵਰ੍ਹੇ ਬੀਤ ਗਏ।

# ਮੱਧਵਰਗੀ ਮਾਨਸਿਕਤਾ

ਰਿਸ਼ਤੇਦਾਰਾਂ ਨੂੰ
ਮਿਲਣ ਸੀ ਜਾਣਾ
ਛੱਡੋ ਜੀ ਪਰ੍ਹਾਂ
ਅੱਜ ਟੀ.ਵੀ. 'ਤੇ
ਰਮਾਇਣ ਸੀਰੀਅਲ ਦੀ
ਅਗਲੀ ਕੜੀ ਵਿੱਚ
ਭਰਤ ਮਿਲਾਪ ਹੈ ਹੋਣਾ
ਮੇਰੇ ਲਈ ਮੁਸ਼ਕਲ ਮਿਸ ਕਰਨਾ

ਜਿਸ ਦਿਨ ਡੈਡੀ ਦੀ ਸੀ
ਅੰਤਿਮ ਅਰਦਾਸ
ਮੇਰੇ ਤੋਂ ਤਾਂ
ਉਸ ਦਿਨ ਦੀ ਕੜੀ ਵੀ
ਮਿਸ ਨਾ ਹੋਈ
ਮਰ ਰਹੇ ਦਸ਼ਰਥ ਨੂੰ ਤੱਕਕੇ
ਮੈਂ ਸੀ
ਭੁੱਬਾਂ ਮਾਰ ਕੇ ਰੋਈ

# ਉੱਗਣ ਸ਼ਕਤੀ

ਕੀਟ ਤੇ ਨਦੀਨ ਮਾਰਨ ਲਈ
ਜਿਨਸਾਂ 'ਤੇ ਕੀਤੀ
ਜ਼ਹਿਰੀਲੀ ਸਪ੍ਰੇਅ ਨੇ
ਝਾੜ ਵਧਾ ਦਿੱਤਾ
ਪਰ ਇਸ ਅੰਨ ਨੂੰ ਖਾਣ ਵਾਲੇ
ਮਨੁੱਖ, ਪਸ਼ੂ, ਪੰਛੀਆਂ ਦੀ
ਉੱਗਣ ਸ਼ਕਤੀ ਵੀ
ਦਿਨੋ ਦਿਨ ਘਟ ਰਹੀ

●●●

ਅਸੀਂ ਫਸਲਾਂ ਦੀ
ਰਹਿੰਦ ਖੂੰਹਦ ਨੂੰ
ਨਿਪਟਾਉਣ ਲਈ
ਬਿਰਖ ਵੀ ਫੂਕਤੇ
ਆਲ੍ਹਣਿਆਂ ਸਮੇਤ
ਤੇ ਹੁਣ
ਮੀਂਹ ਨਾ ਪੈਣ 'ਤੇ
ਮੌਸਮ ਨੂੰ ਕੋਸਦੇ ਹਾਂ

# ਲੱਤ

ਗਰਭ ਕਾਲ ਨੂੰ
ਬੀਤੇ ਚਾਰ ਮਹੀਨੇ
ਪੇਟ ਦੇ ਅੰਦਰੋਂ
ਬੱਚੇ ਨੇ ਲੱਤ ਮਾਰੀ
ਮਾਂ ਬਣਨ ਜਾ ਰਹੀ ਔਰਤ
ਖ਼ਿਆਲਾਂ ਵਿੱਚ ਹੀ
ਖੁਸ਼ੀ ’ਚ ਉੱਛਲੀ
ਲੱਗੀ ਬੱਚੇ ਨੂੰ ਗੋਦ ਖਿਡਾਉਣ
ਲੋਰੀ ਸੁਣਾਉਣ

ਬੱਚਾ
ਜੰਮਿਆ, ਪਲਿਆ
ਨਿਕਲਿਆ ਲਫੰਗਾ
ਸਾਊ ਨਾ ਬਣਿਆ

ਕੋਲ ਬਹਿ ਕੇ
ਮੱਤ ਦਿੰਦੀ ਮਾਂ ਦੇ
ਨਸ਼ੇੜੀ ਪੁੱਤ ਨੇ
ਅੱਜ ਫਿਰ ਪੇਟ ’ਚ ਲੱਤ ਮਾਰੀ
ਮਾਂ ਉਦਾਸ ਹੋ ਗਈ
ਹੇ ਰੱਬਾ!
ਇਸ ਨਾਲੋਂ ਤਾਂ ਚੰਗਾ ਸੀ
ਕਿ ਇਹ ਮੇਰੇ ਪੇਟ ਅੰਦਰੋਂ
ਲੱਤ ਨਾ ਹੀ ਮਾਰਦਾ

# ਪਾ.ਗਲ ਮਨ

ਉਹ ਮਰਜਾਣੀ ਤਾਂ
ਕਹਿ ਗਈ ਸੀ ਸੁਭਾਵਿਕ ਹੀ
'ਮੈਂ ਨੱਥ ਸੋਨੇ ਦੀ
ਵਿੱਚ ਝੂਠੇ ਪਰੋ 'ਤੇ ਮੋਤੀ'
ਤੇ ਪਾਗਲ ਮਨ ਮੇਰਾ
ਉਹਦੇ ਬੋਲੇ
ਲੋਕ ਗੀਤ ਦੇ ਟੱਪੇ ਦੇ
ਅਰਥ ਲੱਭਦਾ ਲੱਭਦਾ
ਮੈਨੂੰ ਵੀ ਕਿਧਰੇ ਗਵਾਅ ਆਇਆ

ਚੰਦਰੇ ਵਕਤ ਨੇ
ਅਜਿਹੀ ਖੇਡ ਖੇਡੀ
ਨਾ ਉਹ ਲੱਭੀ
ਤੇ ਨਾ ਉਹਦੇ ਬੋਲੇ
ਲੋਕ ਗੀਤ ਦੇ ਟੱਪੇ ਦੇ ਅਰਥ ਲੱਭੇ ਮੈਨੂੰ

ਤੇ ਜਿਹੜੇ ਅਰਥ
ਮੈਂ ਲੱਭ ਸਕਿਆ
ਉਹ ਕਾਰਲ ਮਾਰਕਸ ਦੀ
ਦਾੜ੍ਹੀ ਦੇ ਵਾਲਾਂ ਵਾਂਗ
ਉਲਝੇ ਹੋਏ ਸਨ
ਸੱਚੀ ਗੱਲ ਤਾਂ ਇਹ ਹੈ ਕਿ
ਮੈਂ ਮੁੜਕੇ
ਆਪਦੇ ਆਪ ਨੂੰ ਵੀ
ਨਹੀਂ ਲੱਭਿਆ ਕਿਧਰੋਂ

# ਬਾਬੇ ਕਹਿੰਦੇ

ਬਾਬੇ ਕਹਿੰਦੇ
ਗਾਫ਼ਿਲੋ !
ਹਰ ਵਕਤ
ਮੌਤ ਨੂੰ ਚੇਤੇ ਰੱਖਿਆ ਕਰੋ
ਆਖਿਰ ਮਿੱਟੀ ਥੀਣਾ

ਮਨ ਕਹਿੰਦਾ
ਪਤਾ ਹੈ
ਇਕ ਨਾ ਇਕ ਦਿਨ
ਅੱਗ ਸਿਵੇ ਦੀ ਸੇਕਣੀ
ਜਾਂ ਕਬਰ ਵਿੱਚ
ਜਾਂ ਕਿਸੇ ਤਾਬੂਤ ਵਿੱਚ
ਲਾਸ਼ ਬਣ ਕੇ ਲੇਟਣਾ

ਪਰ ਜਿੰਨਾ ਚਿਰ
ਉਮਰਾਂ ਦੇ ਖੂਹ 'ਤੇ
ਘੁੰਮ ਰਹੀਆਂ
ਸਾਹਾਂ ਦੀਆਂ ਟਿੰਡਾਂ
ਜ਼ਿੰਦਗੀ ਦਾ ਹਰ ਪਲ
ਮਾਨਣਯੋਗ ਹੈ
ਜਿਉਂਦੇ ਜੀਅ
ਕੋਈ ਕਿਵੇਂ ਮਰ ਸਕਦਾ ਹੈ ਭਲਾਂ ?

# ਘੁੰਡ

ਫੇਸਬੁਕ
ਹੁੰਦੀ ਹੈ
ਮੂੰਹ ਵਿਖਾਉਣ ਲਈ
ਨਾ ਕਿ ਮੂੰਹ ਛਿਪਾਉਣ ਲਈ

ਆਪਣੀ ਤਸਵੀਰ ਦੀ ਥਾਂ
ਆਈ. ਡੀ. 'ਤੇ
ਕੋਈ ਘੁੱਗੂ ਘਾੜਾ
ਚਿਪਕਾਉਣ ਲਈ
'ਫ਼ੱਕਰਾਂ' ਦੇ ਡੇਰੇ 'ਤੇ
ਘੁੰਡ ਕੱਢ ਕੇ ਆਉਣ ਲਈ

ਜੇ ਲੁਕਣਾ ਹੈ
ਤਾਂ ਜ਼ਾਹਿਰ ਹੋਣ ਦਾ
ਵਿਖਾਵਾ ਨਾ ਕਰੋ
ਕੱਛੂ ਕੁੰਮੇ ਵਾਂਗ
ਖੋਲ 'ਚ ਨਾ ਵੜੋ

# ਸੁਪਨੇ ਦਾ ਮਰਦ

ਉਹ ਬਹੁਤ ਬੇਬਾਕ ਸੀ
ਸਿੱਧਾ ਹੀ ਪੁੱਛ ਲਿਆ
'ਸੌਂਵੇਂਗੀ ਮੇਰੇ ਨਾਲ'

ਉਹ ਸੁਜੱਗ ਸੀ
ਬੋਲੀ
ਜਾਗੇਂਗਾ ਮੇਰੇ ਨਾਲ
ਦੱਸ
ਜੇ ਜਾਗੇਂਗਾ ਤਾਂ ਸੌਂਅ ਵੀ ਸਕਦੈਂ

ਤੇ ਉਹ ਚਲਾ ਗਿਆ

ਸੁਜੱਗ ਔਰਤ ਨੂੰ
ਸੁਪਨੇ ਦਾ ਮਰਦ ਮਿਲ ਗਿਆ
ਨਾਲ ਸੌਣ
ਨਾਲ ਜਾਗਣ ਵਾਲਾ
ਭਾਵੇਂ ਕੁੱਝ ਦੇਰ ਲੱਗੀ

# ਇੱਕ ਮਿੱਕ

ਮੈਂ ਸ਼ੀਸ਼ੇ ਵਿੱਚ ਤੱਕਿਆ
ਆਪਣਾ ਚਿਹਰਾ
ਦਾੜ੍ਹੀ ਦੇ ਪੱਕ ਗਏ ਅੱਧੇ ਕੁ ਵਾਲ
ਉਮਰ ਪਕਰੌੜ ਹੋ ਜਾਣ ਦਾ
ਅਹਿਸਾਸ ਕਰਾਉਂਦੇ

ਜਦ ਝਾਤ ਮੈਂ ਅੰਦਰ ਪਾਈ
ਤਾਂ ਜਵਾਨੀ ਪ੍ਰਵਾਜ਼ 'ਤੇ ਸੀ
ਜਿਵੇਂ ਨਾਗ ਫੰਨ ਚੁੱਕ ਕੇ ਮੇਹਲਦਾ

ਮੈਂ ਕੌਲੀ 'ਚ ਪਾ ਕੇ
ਡਾਰਕ ਬਰੌਨ ਕਲਰ
ਬੁਰਛ ਨਾਲ
ਦਾੜ੍ਹੀ 'ਤੇ ਲਾਉਣ ਲੱਗਾ
ਤਨ ਤੇ ਮਨ ਦੀ ਉਮਰ ਨੂੰ
ਇੱਕ ਮਿੱਕ ਕਰਨ ਲੱਗਾ

# ਕਿਤਾਬ ਤੇ ਪਾਠਕ

ਕਦੇ ਕਦੇ
ਪਾਠਕ ਜਾਣ ਗਵਾਚ
ਪਰ ਕਿਤਾਬ
ਆਪਣਾ ਧਰਮ ਪਾਲਦੀ
ਰਹਿੰਦੀ ਮਯੂਦ
ਹਰ ਥਾਂ

ਕੋਈ ਗੱਲ ਨਹੀਂ
ਭੁੱਲ ਭੁੱਲਈਆਂ ਦੇ
ਦੌਰ 'ਚੋਂ
ਅੱਜ ਨਹੀਂ ਤਾਂ ਕੱਲ੍ਹ
ਮੁੜ ਆਉਣਗੇ ਪਾਠਕ
ਕੋਲ ਕਿਤਾਬ ਦੇ

# ਸਿਵਾ ਜਿਨ੍ਹਾਂ ਦਾ ਜੀਵੇ

ਚਾਹੇ  ਕੋਈ ਗੌਲੇ
ਤੇ ਚਾਹੇ ਅਨਗੌਲਿਆ ਰਹੇਂ
ਤੂੰ ਚੱਲੀਂ ਮਸਤ ਚਾਲ
ਹਰ ਹਾਲ

ਆਪਣੇ ਕੰਮ ਦੀ
ਗੁਣਵੰਤਾ ਵਡੇਰੀ ਕਰੀਂ
ਕਦਮ ਘੱਟ ਤੁਰੀਂ ਭਾਵੇਂ
ਪੈਰ ਪਰ ਪੱਕੇ ਧਰੀਂ

ਤੇਰੇ ਲੋਕ
ਤੇਰੀ ਮਹਿਮਾ ਨੂੰ
ਸਿਵਿਆ 'ਚੋਂ ਵੀ ਉਠਾ ਲੈਣਗੇ
ਤੇ ਸਾਹਿਤ ਦੀ ਸੁਨਹਿਰੀ ਕਿਤਾਬ 'ਚ
ਸਜਾ ਲੈਣਗੇ

# ਉਦਾਸ ਨਾ ਹੋ

ਉਦਾਸ ਨਾ ਹੋ
ਜੇ ਨਹੀਂ ਦਿਸਦਾ ਕਿਧਰੇ
ਕੋਈ ਸੂਹਾ ਗੁਲਾਬ

ਤੂੰ
ਆਪਣੇ ਖ਼ਿਆਲ
ਮਹਿਕਦੇ ਰੱਖੀਂ
ਚੰਗੇ ਮੌਸਮਾਂ ਦੇ
ਆਉਣ 'ਚ
ਰੱਖੀਂ ਯਕੀਨ ਸੋਹਣਿਆਂ!
ਮਹਿਕਾਂ ਦੀ ਰੁੱਤ
ਆਏਗੀ ਇੱਕ ਦਿਨ

ਤੇਰਾ
ਸੋਗੀ ਦੁਆਰ
ਖੜਕਾਏਗੀ ਇਕ ਦਿਨ

# ਵ੍ਹੀਕਲ ਚਲਾਉਂਦੀ ਔਰਤ

ਕੋਈ
ਘਰੇਲੂ ਔਰਤ
ਸਿੱਖਦੀ ਜਦ
ਚਲਾਉਣਾ
ਵ੍ਹੀਕਲ
ਤਾਂ ਥੋੜ੍ਹੀ ਜਿਹੀ
ਹੋਰ ਅਜ਼ਾਦ ਹੋ ਜਾਂਦੀ
ਬਣਦੀ ਕੁੱਝ
ਹੋਰ ਸਵੈ-ਨਿਰਤਰ

ਸ਼ਾਲਾ!
ਵ੍ਹੀਕਲ ਚਲਾਉਂਦੀ ਔਰਤ
ਘਰ ਚਲਾਉਣਾ ਨਾ ਭੁੱਲੇ

# ਦੌਰ

ਦੁੱਖ ਦੇ
ਕਦੇ ਦਿਨ ਨਾ ਗਿਣੋ
ਇਕ ਦੌਰ ਹੈ
ਜੋ ਬੀਤ ਜਾਏਗਾ

ਮੈਂ ਵੇਖਿਆ ਹੈ
ਅਕਸਰ
ਪੱਤਝੜ ਵੀ
ਬੀਤ ਜਾਂਦੀ ਹੈ ਆਖਿਰ
ਫਿਰ ਹਰੀ ਭਰੀ
ਹੁੰਦੀ ਹੈ ਬਨਸਪਤੀ
ਮਹਿਕ ਪੈਂਦਾ
ਚੁਗਿਰਦਾ ਸਾਰਾ

ਭਰ ਜਾਂਦੀ
ਫੁੱਲਾਂ ਨਾਲ ਭੋਇੰ
ਹੋ ਜਾਂਦੀ
ਤਿਤਲੀਆਂ ਦੇ ਹਾਣ ਦੀ

# ਤੇਰੀ ਮਹਿਕ

ਜਾਣਦਾ ਹਾਂ
ਤੂੰ ਨਹੀਂ ਉੱਥੇ
ਮੈਂ ਫਿਰ ਵੀ
ਤੇਰੇ ਸ਼ਹਿਰ ਜਾਂਦਾ ਹਾਂ
ਹਰ ਗਲੀ
ਹਰ ਮੋੜ 'ਤੇ
ਝਉਲਾ ਪੈਂਦਾ ਤੇਰਾ
ਤੇਰੀ ਮਹਿਕ
ਸ਼ਹਿਰ ਦੇ
ਕਨ-ਕਨ 'ਚ ਵਸਦੀ

ਮੈਂ ਕਦੇ ਵੀ
ਤੈਨੂੰ ਮਿਲੇ ਬਿਨਾ
ਵਾਪਿਸ ਨਹੀਂ ਆਇਆ
ਤੇਰੇ ਸ਼ਹਿਰੋਂ

# ਅੱਜ

ਅੱਜ ਮੈਂ
ਇਕੱਲਾ ਹਾਂ ਘਰ
ਬੰਦ ਕਰ ਦਿੱਤੀ
ਬੈੱਲ ਬਾਹਰਲੀ
ਸਵਿੱਚ ਆੱਫ
ਕਰ ਦਿੱਤਾ ਫੋਨ
ਅੱਜ
ਨਾ ਕਿਸੇ ਨੂੰ ਮਿਲਣਾ ਹੈ
ਤੇ ਨਾ ਕਰਨਾ
ਨਾ ਸੁਣਨਾ ਫੋਨ

ਚਿਰ ਹੋਇਆ
ਮਿਲਿਆ ਨਹੀਂ
ਮੈਂ ਖ਼ੁਦ ਨੂੰ
ਅੱਜ ਮਿਲਾਂਗਾ
ਕਰਾਂਗਾ ਗੱਲਾਂ ਖ਼ੁਦ ਨਾਲ

•••

ਹੋਰਾਂ ਤਾਈਂ ਮਿਲਣ ਦੀ
ਹੈ ਕੀਹਦੇ ਕੋਲੇ ਵਿਹਲ
ਇੱਥੇ ਤਾਂ ਖ਼ੁਦ ਨੂੰ ਮਿਲਿਆਂ ਹੀ
ਜਾਂਦੇ ਨੇ ਵਰ੍ਹੇ ਬੀਤ।

# ਖ਼ਾਮੋਸ਼ ਡਰ

ਸੈਂਕੜਿਆਂ ਦੀ ਭੀੜ 'ਚੋਂ
ਉਹ
ਦੂਰੋਂ ਹੀ ਅਹੁਲੀ ਮੇਰੇ ਵੱਲ
ਛੋਹਲੇ ਕਦਮੀਂ
ਰੋਹੀ ਦੀ ਮੂਨ ਵਾਂਗ

ਪਰ
ਜਦ ਨੇੜੇ ਆਈ
ਤਾਂ ਸੱਜੀ ਬਾਂਹ ਅੱਗੇ ਕਰਕੇ
ਢਿੱਲੀ ਜਿਹੀ
ਤੇ ਅੱਧੀ ਕੁ ਜੱਫੀ ਪਾਈ

ਮੇਰੀ ਨਿਗ੍ਹਾ
ਦੂਰ ਖੜ੍ਹੇ
ਸ਼ੌਂਕੀਆ ਫੋਟੋਗ੍ਰਾਫ਼ਰ 'ਤੇ ਪਈ
ਜੋ ਚੁੱਪ-ਚੁਪੀਤੇ
ਸਮਾਗਮ ਦੇ ਹਰ ਪਲ ਨੂੰ
ਆਪਣੇ ਕੈਮਰੇ 'ਚ ਸਾਂਭ ਰਿਹਾ ਸੀ

# ਸਹੀ ਜਵਾਬ

ਅਜਨਬੀ ਨੇ
ਪੁੱਛਿਆ
ਉਸ ਕੋਲੋਂ
ਤੁਹਾਡੇ ਪਿੰਡੋਂ
ਕਿੰਨੇ ਕੁ ਨੌਜਵਾਨ
ਚਲੇ ਗਏ
ਬਦੇਸ਼

ਥੋੜ੍ਹਾ ਜਿਹਾ ਸੋਚ ਕੇ
ਬੋਲਿਆ ਉਹ
ਮੈਨੂੰ ਲਗਦੈ
ਸੌ ਕੁ ਕਿੱਲਾ
ਚਲਾ ਗਿਆ ਹੈ ਬਾਹਰ

•••

ਆ ਕੇ ਦੇਸ ਬਿਗਨੇ ਦੇ ਵਿੱਚ
ਕੀ ਹੋਏ 'ਆਬਾਦ'।
ਨਾ ਪੈਰਾਂ ਹੇਠ ਪੰਜਾਬ ਰਿਹਾ
ਨਾ ਹੱਥਾਂ ਵਿੱਚ ਔਲਾਦ।

# ਹੰਕਾਰੇ ਸੱਪ

ਜਿਧਰ ਵੀ ਵੇਖੀਏ
ਫ਼ਨੀਅਰ ਸੱਪ
ਪਏ ਮਾਰ ਕੁੰਡਲੀ

ਚੂਰੀਆਂ ਦੀ ਰੁੱਤ
ਛੱਲਿਆਂ ਦੀ ਜੂਨ
ਮਿੱਟੀ 'ਚ ਮਿਲ ਗਈ

ਇਹ ਸਾਜ਼ਿਸੀ ਸੱਪ
ਹਰ ਵਰਤਾਰੇ ਵਿੱਚ ਹਨ
ਹਰ ਕਾਰੇ ਵਿੱਚ ਹਨ

ਤੇ ਲੋਕ
ਹੰਕਾਰੇ ਸੱਪਾਂ ਦੀਆਂ
ਸਿਰਿਆਂ ਵੀ ਕੁਚਲ ਦਿੰਦੇ ਨੇ

# ਆਸ਼ਿਕ ਰਹਿਣ ਅਲੱਗ

ਦੁਨੀਆਂ ਹੈ ਇਕ ਭੀੜ ਭੜੱਕਾ,
ਕੋਈ ਭਲ਼ਾ ਕੋਈ ਠੱਗ।

ਕਿਸੇ ਦੀ ਕੱਟੀ, ਕਿਸੇ ਦੀ ਵੱਛੀ,
ਵਾਗੀ ਚਾਰੇ ਵੱਗ।

ਕਈ ਪੱਗ ਖ਼ਾਤਿਰ ਮਰ ਮਿਟਦੇ,
ਕਈ ਪੈਰੀਂ ਰੱਖਣ ਪੱਗ।

ਆਪਣੀ ਅੱਗ ਬੁਝਾਵਣ ਲਈ,
ਕਈ ਲਾਉਂਦੇ ਫਿਰਦੇ ਅੱਗ।

ਆਪ ਗਵਾਉਣਾ,ਜੱਗ ਰੁਸ਼ਨਾਉਣਾ,
ਆਸ਼ਿਕ ਰਹਿਣ ਅਲੱਗ।

# ਪਹਿਲਾਂ ਅੰਦਰੋਂ ਭਾਲ

ਤੂੰ ਲੰਬੀ ਉਮਰ ਜੀਣ ਦਾ,
ਬਹੁਤਾ ਨਾ ਕਰ ਖ਼ਿਆਲ।

ਹਰ ਇੱਕ ਛਿਣ ਨੂੰ ਮਾਣ ਲੈ,
ਜੀਅ ਭਰਕੇ ਰੂਹ ਦੇ ਨਾਲ।

ਜਦ ਹੋਲੀ ਵਰਗੇ ਪਲ ਮਿਲਣ,
ਚਿਹਰੇ 'ਤੇ ਮਲ ਗੁਲਾਲ।

ਬਾਹਰੋਂ ਖ਼ੁਸ਼ੀ ਜੇ ਲੱਭਣੀ,
ਤੂੰ ਪਹਿਲਾਂ ਅੰਦਰੋਂ ਭਾਲ।

# ਸੁਣ ਬੱਦਲਾ

ਸੁਣ ਬੱਦਲਾ!
ਸੁਣ ਸਾਂਵਲਿਆ!!

ਜੇ ਵਰ੍ਹਨਾ ਹੈ ਤਾਂ ਖੁੱਲ੍ਹ ਕੇ ਵਰ੍ਹ।
ਭੋਇੰ ਨੂੰ ਜਲਵੰਤ ਕਰ,
ਨਾਲ ਤ੍ਰਿਪਤੀ ਭਰ।

ਐਵੇਂ
ਪਾ ਕੇ ਚਾਰ ਕੁ ਕਣੀਆਂ
ਤੂੰ ਹੁੰਮਸ ਨਾ ਕਰ

ਬੜੀ ਝੱਲੀ ਹੈ
ਤਪਸ਼ ਮੈਂ ਵਰ੍ਹਿਆ ਤੋਂ
ਇੰਜ ਵਰ੍ਹ ਕਿ
ਰੂਹ ਵੀ ਭਿੱਜ ਜਾਵੇ
ਇੰਜ ਵਰ੍ਹ
ਕਿ ਹੋ ਜਾਵਾਂ ਹਰੀ ਭਰੀ

# ਮਹਾ-ਲੁੱਚੇ

ਉਹ ਕਹਿੰਦੀ
ਹਾਂ
ਮੈਂ ਲੁੱਚੀ ਆਂ
ਸ਼ੋਸਲ ਮੀਡੀਆਂ 'ਤੇ
ਕੁੱਝ ਵਿਉ ਬਣਾਉਣ ਲਈ
ਕੁੱਝ ਪੈਸੇ ਕਮਾਉਣ ਲਈ
ਮੈਂ ਮਾੜੀਆਂ ਜਿਹੀਆਂ ਢਕ ਕੇ
ਛਾਤੀਆਂ ਵਿਖਾਉਂਦੀ ਹਾਂ
ਤੇ
ਕਦੇ ਕਦੇ
ਧੁੰਨੀ ਦੇ ਥੱਲਿਓਂ
ਕਪੜਾ ਸਰਕਾਉਂਦੀ ਹਾਂ

ਪਰ
ਤੁਸੀਂ
ਜੋ ਇਹ ਸਭ ਕੁੱਝ
ਚਸਕੇ ਲੈ ਕੇ ਵੇਂਹਦੇ ਹੋਂ
ਮੇਰੇ ਕਪੜੇ ਹੋਰ ਥੱਲੇ ਜਾਂ ਉਤਾਂਹ
ਸਰਕਣ ਦੀ ਉਡੀਕ ਕਰਦੇ ਹੋਂ
ਤੇ ਮੇਰੀ
ਕੋਈ ਨਵੀਂ
ਵੀਡੀਓ ਤਲਾਸ਼ਦੇ ਹੋਂ
ਤੁਸੀਂ ਕੌਣ ਹੋਂ ?

# ਕੁੱਤਿਆਂ ਵਾਲੀ ਆਂਟੀ

ਉਹ ਮੌਨਧਾਰੀ ਆਂਟੀ
ਗਲੀ-ਮੁਹੱਲੇ ਲਈ ਅਚੰਭਾ ਹੈ
ਸਭ ਵਸਦੇ ਘਰ
ਉਸ ਲਈ ਹਨ ਅਜ਼ਨਬੀ
ਨਾ ਦੁੱਖ ਨਾ ਸੁੱਖ
ਨਾ ਬੋਲ-ਨਾ ਚਾਲ
ਬੱਚੇ ਉਸਨੂੰ  ਏਲੀਅਨ ਆਂਟੀ ਕਹਿੰਦੇ

ਆਂਟੀ ਜਦ ਗਲੀ ਵਿੱਚ ਨਿਕਲਦੀ ਹੈ
ਤਾਂ ਗਲੀ-ਮੁਹੱਲੇ ਦੇ ਸਾਰੇ ਅਵਾਰਾ ਕੁੱਤੇ
ਭੂਰੇ, ਕਾਲ਼ੇ, ਡੱਬ-ਖੜੱਬੇ
ਭੱਪਰ ਗੁੱਲੇ, ਖੁਰਕ ਖਾਧੇ
ਉਹਦੇ ਅੱਗੇ ਪਿੱਛੇ ਤੁਰਦੇ
ਆਂਟੀ ਕੁੱਤੇ-ਕੁੱਤੀਆਂ ਨਾਲ
ਕਰਦੀ ਗੱਲਾਂ
ਤੇ ਹੱਸ ਹੱਸ ਦੂਹਰੀ ਹੁੰਦੀ

ਉਹ ਅਵਾਰਾ ਕੁੱਤਿਆਂ ਦੇ ਝੁੰਡ ਨੂੰ ਪਾਉਂਦੀ
ਦੁੱਧ, ਰੋਟੀ, ਬਿਸਕੁਟ, ਫੀਡ
ਉਹ ਕੁੱਤੇ ਕੁੱਤੀਆਂ ਦਾ ਸਿਰ ਖੁਰਕਦੀ
ਤੇ ਉਹ ਉਸਦੇ ਪੈਰਾਂ ’ਚ ਲੇਟਦੇ

ਕੁੱਤਿਆਂ ਵਾਲੀ ਆਂਟੀ ਕੁੱਤਿਆਂ ਨੂੰ
ਪਤਾ ਨਹੀਂ ਕੀ ਸਮਝਦੀ ਹੈ
ਪਰ ਕੁੱਤੇ ਉਸਨੂੰ ਆਪਣੀ ਸਮਝਦੇ ਨੇ

# ਨਵੇਂ ਫ਼ਿਕਰ

ਇੱਕ ਵੱਡੇ ਸ਼ਹਿਰ ਦਾ ਭੀੜਾ ਬਜ਼ਾਰ
ਇੱਕ ਦਫ਼ਤਰ ਜਿਹਾ ਬਣਿਆਂ ਹੈ
ਇਸਦੇ ਵਿਚਕਾਰ
ਇਸ ਦਫ਼ਤਰ ਸਾਹਵੇਂ ਲਾਈਨ ਬਣਾ ਕੇ ਖੜ੍ਹੇ ਨੇ
ਕਈ ਮੋਨੇ, ਕਈ ਸਰਦਾਰ
ਇਕ ਫਾਰਮ ਭਰਕੇ ਜਮ੍ਹਾਂ ਕਰਵਾ ਰਹੇ ਨੇ ਫੀਸ
ਫਾਰਮ ਵਿੱਚ ਭਰਿਆ ਉਨ੍ਹਾਂ ਦਾ ਮੋਬਾਇਲ ਨੰਬਰ
ਤੇ ਘਰ ਦਾ ਪਤਾ
ਪਤਾ ਨਹੀਂ ਕਿੰਨੇ ਸਾਲ ਕਰੇਗਾ ਇੰਤਜ਼ਾਰ

ਉੱਕਾ ਪੁੱਕਾ ਪੈਸੇ ਦੇ ਕੇ,
ਉਹ ਬੁੱਕ ਕਰਾ ਚੱਲੇ ਨੇ
ਜਦ ਉਹ ਮੋਏ, ਇਹ ਕੰਪਨੀ
ਉਨ੍ਹਾਂ ਦੀਆਂ ਧਾਰਮਿਕ ਰਹੁ-ਰੀਤਾਂ ਅਨੁਸਾਰ
ਲਾਸ਼ 'ਚ ਕੀੜੇ ਪੈਣ ਤੋਂ ਪਹਿਲਾਂ
ਦੇਹੀ ਦਰਗੰਧ ਨਾਲ ਭਰਨ ਤੋਂ ਪਹਿਲਾਂ
ਕਰੇਗੀ ਉਨ੍ਹਾਂ ਦਾ ਸਸਕਾਰ
ਕਿਉਂਕਿ ਔਲਾਦ ਉਨ੍ਹਾਂ ਦੀ
ਜਾਂ ਤਾਂ ਹੈ ਕਹਿਣੇ ਤੋਂ ਬਾਹਰ
ਤੇ ਜਾਂ ਫਿਰ ਉਹ ਹੈ ਦੇਸ਼ੋਂ ਬਾਹਰ
ਕਿਰਿਆ ਕਰਮ ਕਰਨ ਲਈ ਸਾਡਾ
ਆਉਣਗੇ ਉਹ ਵਕਤ 'ਤੇ
ਸਾਨੂੰ ਨਹੀਂ ਭੋਰਾ ਇਤਬਾਰ।

ਪੈਸੇ ਦੇ ਕੇ ਪ੍ਰਬੰਧ ਕਰ ਲਿਆ
ਕੰਪਨੀ ਕਰੂ ਸਾਡਾ ਸਸਕਾਰ
ਮਰਨ ਪਿੱਛੋਂ ਦਾ ਫ਼ਿਕਰ ਮੁੱਕ ਗਿਆ
ਸਿਰ ਦੇ ਉੱਤੋਂ ਲਹਿ ਗਿਆ ਭਾਰ
ਨਵੇਂ ਯੁੱਗ ਦੀ ਜੈ ਜੈ ਕਾਰ

# ਨੰਗ-ਮੁਨੰਗੇ

ਅਸੀਂ
ਨੰਗ-ਮੁਨੰਗੇ ਜੰਗਲੀ
ਜਦ ਆਪਣਾ ਤਨ
ਢਕਣ ਲੱਗੇ
ਤਾਂ ਪਸ਼ੂਆਂ ਤੋਂ ਅਲੱਗ ਦਿਸਣ ਲੱਗੇ

ਸਮਾਂ ਬੀਤਿਆ,
ਸਾਨੂੰ ਕਿਸੇ ਦੇ ਨਿੱਜੀ ਪਲ
ਤੇ ਨੰਗੇਜ਼ ਤੱਕਣ ਦਾ
ਮੁੜ ਜਾਗਿਆ ਚਸਕਾ
ਤੇ ਸਾਡੀ ਲਤ
ਪੋਰਨ ਫਿਲਮਾਂ ਬਣ ਉੱਭਰੀ

ਅਸੀਂ ਬਹੁ-ਗਿਣਤੀ 'ਚ
ਸਮਾਜਿਕ ਰਿਸ਼ਤਿਆਂ ਨੂੰ
ਚਕਲਾ ਬਣਾਉਣ ਵਾਲੇ
ਮਾਣਨ ਲੱਗੇ
ਦੋ ਅਰਥੇ ਦੋਗਾਣੇ

ਹੁਣ ਨਾਲੋਂ ਤਾਂ
ਜਦੋਂ ਅਸੀਂ
ਜੰਗਲੀ ਨੰਗ-ਮੁਨੰਗੇ ਹੁੰਦੇ ਸੀ
ਲੁੱਚਪੁਣਾ ਨਹੀਂ ਹੁੰਦਾ ਸੀ
ਅਸੀਂ ਚੰਗੇ ਹੁੰਦੇ ਸੀ

# ਡਿਜ਼ੀਟਲ ਦੌਰ

ਨਾ ਤੂੰ ਵਟਸਐਪ 'ਤੇ
ਨਾ ਇੰਸਟਾਗ੍ਰਾਮ 'ਤੇ
ਨਾ ਕਿਧਰੇ ਫੇਸਬੁੱਕ 'ਤੇ ਰੜਕੇਂ

ਕਿਤੇ ਨਾ ਕਿਤੇ
ਦਿਸਿਆ ਕਰ ਮਿੱਤਰਾ
ਨਾ ਦਿਸਣਾ
ਨਾ ਹੋਣ ਵਾਂਗ ਬਣ ਜਾਏ

ਤੂੰ ਖ਼ੁਦ ਕੋਈ
ਪੋਸਟ ਨਹੀਂ ਪਾਉਣੀ
ਨਾ ਪਾ
ਪਰ ਕਿਸੇ ਹੋਰ ਦੇ ਲਿਖੇ ਨੂੰ
ਪਸੰਦ ਕਰ ਸਕਦਾ ਏਂ
ਲਿਖ ਸਕਦਾ ਏਂ ਕੋਈ ਕੁਮੈਂਟ

ਬੰਦਾ ਹੋਏ
ਤੇ ਜਾਂ ਕੋਈ ਭਾਸ਼ਾ
ਇਸ ਡਿਜ਼ੀਟਲ ਦੌਰ ਵਿੱਚ
ਜੋ ਸੋਸ਼ਲ ਮੀਡੀਆ 'ਤੇ ਨਹੀਂ ਦਿਸਦੇ
ਤਾਂ ਸ਼ੁਰੂਆਤ ਹੋ ਜਾਂਦੀ ਹੈ
ਉਸਦੇ ਅਲੋਪ ਹੋਣ ਦੀ

ਤੂੰ ਖ਼ੁਦ ਨੂੰ
ਤੇ ਆਪਣੀ ਮਾਂ ਬੋਲੀ ਨੂੰ
ਸਮੇਂ ਦੀ ਹਾਣੀ ਕਰ
ਅਗੇਰੇ ਕਦਮ ਧਰ

# ਬੇਬੇ ਦਾ ਸੰਦੂਕ

ਬੇਬੇ ਦੇ ਦਾਜ 'ਚ ਆਇਆ
ਕਾਲ਼ੀ ਟਾਹਲੀ ਦਾ ਸੰਦੂਕ
ਜਿਸ 'ਤੇ ਜੜੇ
ਪਿੱਤਲ ਦੇ ਕੋਕੇ 'ਤੇ ਪੱਤੀਆਂ
ਅੱਜ ਵੀ ਚਮਕਦੇ
ਥੋੜ੍ਹਾ ਜਿਹਾ ਸਾਫ਼ ਕੀਤਿਆਂ
ਅੱਜ ਵੀ
ਪੁਰਾਣੇ ਜਲੌਅ ਵਿੱਚ ਆ ਜਾਏ
ਬੀਤੇ ਦੀ ਕਹਾਣੀ ਸੁਣਾਏ

ਸੀਤੇ-ਅਨਸੀਤੇ ਕਪੜੇ
ਪਿੱਤਲ ਦੇ ਭਾਂਡੇ
ਪਤਾ ਨਹੀਂ ਕਿਹੜਾ ਕਿਹੜਾ ਖਜ਼ਾਨਾ
ਸਾਂਭਿਆ ਪਿਆ ਹੈ ਇਸ 'ਚ

ਸੰਦੂਕ ਦੀ ਕੰਨੀ 'ਤੇ ਬਣੀ ਅਲਮਾਰੀ
ਗਹਿਣਾ-ਗੱਟਾ, ਪੈਸੇ-ਧੇਲੇ ਤੇ ਹਾਰ-ਸ਼ਿੰਗਾਰ ਦਾ ਸਮਾਨ
ਸਾਂਭਣ ਦੀ ਗਵਾਹ ਹੈ
ਤੇ ਹੇਠਲਾ ਖ਼ਾਨਾ ਇਸਦਾ
ਦੇਸੀ ਜੁੱਤੀਆਂ ਸੀ ਸੰਭਾਲਦਾ

ਬੇਬੇ ਦੇ ਸੰਦੂਕ ਵਿੱਚ ਸਾਂਭੇ
ਦਰੀਆਂ, ਖੇਸ
ਹਾੜ੍ਹ-ਸਿਆਲੂ ਬਿਸਤਰੇ
ਅੱਜ ਵੀ
ਘਰ 'ਚ ਕਿਸੇ ਮਹਿਮਾਨ ਦੀ
ਆਮਦ ਉਡੀਕਦੇ

# ਕਾਲਜ ਪੜ੍ਹਦੀਆਂ ਕੁੜੀਆਂ

ਕਾਲਜ ਪੜ੍ਹਦੀਆਂ ਕੁੜੀਆਂ ਦੇ ਨਾਲ ਨਾਲ
ਘਰ ਵਾਲਿਆਂ ਦਾ ਡਰ ਵੀ ਤੁਰਦਾ
ਉਹ
ਆਸ਼ਿਕ ਮਜ਼ਾਜ਼ ਮੁੰਡਿਆਂ ਦੀ
ਕਾਮੁਕ ਤੱਕਣੀ ਤੋਂ
ਬਚ ਬਚ ਕੇ ਤੁਰਦੀਆਂ

ਹੁਣੇ ਹੁਣੇ ਜਵਾਨ ਹੋਈਆਂ ਕੁੜੀਆਂ
ਆਪੋ ਵਿੱਚ
ਲੁੱਚੀਆਂ ਗੱਲਾਂ ਕਰਦੀਆਂ
ਪਰ ਮੁੰਡਿਆਂ ਦੀ ਢਾਣੀ ਕੋਲੋਂ
ਨੀਵੀਂ ਪਾ ਕੇ ਲੰਘਦੀਆਂ

ਮਾਪਿਆ ਦਾ
ਵਿਸ਼ਵਾਸ ਬਣਾਈ ਰੱਖਣ ਲਈ
ਕੁੱਝ ਕੁੱਝ ਨਾਟਕ ਵਾਂਗ ਵੀ ਕਰਦੀਆਂ
ਕਾਲਜ ਪੜ੍ਹਦੀਆਂ ਜਵਾਨ ਕੁੜੀਆਂ

# ਤੀਲੀ

ਮਾਚਿਸ ਹੈ ਭਰੀ ਹੋਈ
ਤੀਲੀਆਂ  ਨਾਲ

ਨੇੜੇ-ਤੇੜੇ
ਬਾਲਣ ਨਹੀਂ
ਜਾਂ ਸਲ੍ਹਾਬਿਆ ਹੈ

ਬਾਹਰ ਦਾ ਬਾਲਣ
ਮਹਿੰਗਾ ਪੈਂਦਾ
ਚੋਰੀ ਦਾ ਬਾਲਣ
ਫੜ੍ਹੇ ਜਾਣ ਦਾ ਡਰ
ਸਜ਼ਾ ਦਾ ਫ਼ਿਕਰ

ਮਸਾਲੇ ਨਾਲ
ਭਰੀ ਹੋਈ ਤੀਲੀ
ਆਪੇ ਬਲਦੀ
ਆਪੇ ਬੁਝ ਜਾਂਦੀ

# ਪਿੰਡ ਗਈ ਬਾਲੜੀ

ਨਿੱਕੀ ਜਿਹੀ ਬਾਲੜੀ
ਗਈ ਵੱਡ-ਵਡੇਰਿਆਂ ਦੇ ਘਰ
ਦਾਦੇ ਦੇ ਪਿੰਡ
ਜੱਦੀ-ਪੁਸ਼ਤੀ ਘਰ

ਕਦੇ ਛੱਤ 'ਤੇ ਚੜ੍ਹ ਕੇ ਪਿੰਡ ਵੇਖਦੀ
ਕਦੇ ਕੱਟੀਆਂ ਵੱਛੀਆਂ ਨਾਲ ਖੇਡਦੀ
ਛੋਟੇ ਦਾਦੂ ਤੋਂ ਧਾਰ ਕੱਢਣੀ ਸਿੱਖਦੀ
ਘਰ ਦੀਆਂ ਮੱਝਾਂ ਗਾਵਾਂ ਦੀ

ਜਾਂਦੀ ਬਾਲੜੀ ਨੇੜਲੇ ਘਰੀਂ
ਮਿਲਦਾ ਭਰ ਝੋਲੀਆਂ
ਪਿਆਰ ਆਸ਼ੀਰਵਾਦ

ਖੇਤਾਂ ਵਿੱਚ ਨਜ਼ਰ ਤੋਂ ਦੂਰ ਤੱਕ
ਕਣਕ ਦੇ ਅਰਧ ਸੁਨਹਿਰੀ ਸਿੱਟੇ
ਤੇ ਪਕਾਰੇ ਤੇ ਆਈ ਸਰ੍ਹੋਂ
ਓਲੀਆਂ 'ਚ ਮੇਲ੍ਹਦੀ

ਗਲੀ ਦੇ ਬੱਚੇ
ਆਪਣਾ ਸ਼ਰੀਕਾ ਕਬੀਲਾ
ਖੇਡਦੇ ਨਾਲ ਉਸਦੇ
ਸਮਾਂ ਰਾਕਟ ਵਾਂਗ ਭੱਜਦਾ

ਸ਼ਹਿਰੋਂ ਪਿੰਡ ਗਈ ਲਾਡੋ
ਮੋਬਾਇਲ ਫੋਨ 'ਤੇ ਦਾਦੂ ਨੂੰ ਦੱਸੇ ਪਿੰਡ ਦੀਆਂ ਗੱਲਾਂ
ਤੇ ਨਾਲੇ ਕਹਿੰਦੀ ਦਾਦੂ ਮੇਰਾ ਪਿੰਡ ਰਹਿਣ ਨੂੰ ਜੀਅ ਕਰਦੈ
ਫੋਨ ਸੁਣਦੇ ਦਾਦੂ ਦੀਆਂ
ਅੱਖਾਂ ਦੇ ਕੋਏ ਸਿੱਲ੍ਹੇ ਹੋ ਗਏ
ਚੇਤਿਆਂ 'ਚ ਪਿੰਡ ਆ ਗਿਆ

# ਸਾਊ ਕੁੜੀ

ਉਹ ਕਹਿੰਦੀ
ਪਹਿਲਾਂ ਹੀ ਸਪੱਸ਼ਟ ਕਰਦਿਆਂ
ਮੈਂ ਕੋਈ ਸਾਊ ਕੁੜੀ ਨਹੀਂ
ਘਰੇਲੂ ਬੁੜ੍ਹੀ ਨਹੀਂ

ਗੱਭਰੂ ਨੇ ਕਿਹਾ
ਪ੍ਰਵਾਨ ਹੈ
ਸਾਊ ਨਾ ਹੋਣ ਦਾ ਮਤਲਬ
ਬਦਮਾਸ਼ ਹੋਣਾ ਨਹੀਂ ਹੁੰਦਾ
ਕਿਸੇ ਓਪਰੇ ਮਰਦ ਨਾਲ
ਹੱਸ ਕੇ ਗੱਲ ਕਰ ਲੈਣਾ
ਇੱਜ਼ਤ ਲੁਟਾਉਣਾ ਨਹੀਂ ਹੁੰਦਾ

ਖੁੱਲ੍ਹ ਕੇ ਵਿਚਰਦੇ
ਜੀਅ ਭਰਕੇ ਜਿਉਂਦੇ
ਸਾਰੇ ਵਿਅਕਤੀ ਸਾਊ ਹੀ ਹੁੰਦੇ

ਜਿੱਥੇ ਹਰ ਕੋਈ
ਆਪਣਾ ਗੰਦਾ ਪਾਣੀ ਡੋਲ੍ਹ ਸਕੇ
ਉਹ ਗਟਰ ਹੋਰ ਹੁੰਦੇ ਨੇ
ਮੋਰਾਂ ਨੂੰ ਚੋਰ
ਚੋਰਾਂ ਨੂੰ ਹੋਰ ਹੁੰਦੇ ਨੇ

# ਭਲ਼ੇ ਜੀਅ

ਇਸ ਸ਼ੋਰ ਸ਼ਰਾਬੇ
ਦੇ ਦੌਰ ਵਿੱਚ
ਇਸ ਖ਼ੂਨ ਖਰਾਬੇ
ਦੇ ਦੌਰ ਵਿੱਚ

ਉਸ ਘਰ
ਹੁੰਦਾ ਵਾਸਾ
ਭਲ਼ੇ ਜੀਆਂ ਦਾ

ਜਿਸ ਘਰ 'ਚ
ਦੇਵੇ ਸੁਣਾਈ ਹਾਸਾ
ਮਾਵਾਂ
ਨੂੰਹਾਂ
ਧੀਆਂ ਦਾ

# ਠਰਕੀ ਬੁੱਢਾ

ਠਰਕੀ ਬੁੱਢਾ
ਕਹਿ ਦਿੱਤਾ ਉਸਨੂੰ

ਕਹਿੰਦਾ
ਸੰਭਲ ਕੇ ਬੋਲ ਜਵਾਨਾ!
ਬੁੱਢਾ ਬੱਢਾ
ਕੁੱਝ ਨਹੀਂ ਹੁੰਦਾ

ਜਦ ਤੱਕ
ਟਾਇਮਪੀਸ 'ਚ ਸੈੱਲ ਹੈ
ਟਿਕ ਟਿਕ ਜਾਰੀ ਰਹੇਗੀ
ਸੈਕਿੰਡ, ਮਿੰਟ ਚਲਦੇ ਰਹਿਣਗੇ
ਘੰਟੇ ਖੜਕਦੇ ਰਹਿਣਗੇ

# ਅਜ਼ਬ-ਅਜ਼ੀਬ

ਉਹ ਕਾਮ ਉਤੇਜਕ
ਕਹਾਣੀਆਂ ਪੜ੍ਹਦੀ ਹੈ
ਪੋਰਨ ਫਿਲਮਾਂ ਵੇਖਦੀ ਹੈ
ਏਧਰ-ਓਧਰ
ਗੱਲਾਂਬਾਤਾਂ ਵਿੱਚ
ਲੁੱਚਪੁਣਾ ਖਿਲਾਰਦੀ ਹੈ

ਪਰ ਫਿਰ ਵੀ
ਉਹ ਲੁੱਚੀ ਨਹੀਂ
ਆਪਣੇ ਆਪ ਸਾਹਵੇਂ ਸੁੱਚੀ ਹੈ ਉਹ

ਜੇ ਕੋਈ
ਕਿਸੇ ਮਹਿਫ਼ਲ 'ਚ
ਭੀੜ-ਭੜੱਕੇ 'ਚ
ਉਹਨੂੰ
ਗ਼ਲਤ ਨਜ਼ਰੀਏ ਨਾਲ ਟੱਚ ਕਰੇ
ਤਾਂ ਉਹ ਇੰਜ ਭੜਕ ਕੇ ਪੈਂਦੀ ਹੈ ਉਸਨੂੰ
ਜਿਵੇਂ ਕਿਸੇ ਨੇ
ਅਨਜਾਣੇ ਹੀ
ਭਰਿੰਡਾਂ ਦੀ ਖੱਖਰ ਨੂੰ
ਹੱਥ ਲਾ ਲਿਆ ਹੋਵੇ
ਤੱਤੇ ਪਾਣੀ 'ਚ
ਹੱਥ ਪਾ ਲਿਆ ਹੋਵੇ

# ਜਿਉਂਦੇ ਰਹਿਣ ਦੀ ਇੱਛਾ

ਖੇਤੋਂ ਵੱਢ ਲਿਆ
ਟਾਹਲੀ ਦਾ ਮੋਟਾ ਟਾਹਣ
ਆਰੀ ਨਾਲ ਵੱਢ ਕੇ
ਤੇਸੇ ਨਾਲ ਘੜਕੇ
ਬਣਾ ਲਿਆ ਕਿੱਲਾ

ਕਿੱਲੇ 'ਤੇ ਮਾਰ
ਹਥੌੜੇ ਦੀਆਂ ਸੱਟਾਂ
ਗੱਡ ਦਿੱਤਾ ਪਸ਼ੂ-ਡੰਗਰ ਬੰਨ੍ਹਣ ਲਈ

ਮੀਹਾਂ ਦੀ ਰੁੱਤ ਆਈ
ਕਿੱਲੇ 'ਤੇ ਫੁਟਾਰਾ ਆ ਗਿਆ
ਫੁੱਟ ਪਈਆਂ 'ਅੱਖਾਂ'
ਬਣ ਗਈਆਂ ਟਾਹਣੀਆਂ

ਜਿਉਂਦੇ ਰਹਿਣ ਦੀ ਇੱਛਾ
ਮਰਿਆਂ ਨੂੰ ਵੀ ਮਰਨ ਨਹੀਂ ਦਿੰਦੀ

# ਹਵਾ ਦਾ ਰੁਖ

ਵੋਟਾਂ ਦਾ ਮੌਸਮ
ਰਾਜਨੀਤਕ ਦਲ
ਪੱਬਾਂ ਭਾਰ

ਕੰਧਾਂ 'ਤੇ
ਕੌਲਿਆਂ 'ਤੇ
ਖੰਭਿਆਂ 'ਤੇ
ਬਨੇਰਿਆਂ 'ਤੇ
ਝੂਲਣ ਝੰਡੇ
ਰੰਗ-ਬਰੰਗੇ

ਝੂਲਦੇ ਝੰਡੇ
ਹਵਾ ਦਾ ਰੁਖ ਦੱਸਦੇ

# ਚੰਗਾ ਦੋਸਤ

ਜਿਹੜਾ ਸ਼ਖ਼ਸ਼
ਕੋਈ ਦੁਖਾਂਤਕ ਕਹਾਣੀ ਪੜ੍ਹਦਿਆਂ
ਸੁਣਦਿਆਂ
ਰੋ ਪਏ
ਪਿਘਲ ਜਾਏ ਸਾਰੇ ਦਾ ਸਾਰਾ

ਅਜਿਹਾ ਸੰਵੇਦਨਸ਼ੀਲ ਸ਼ਖ਼ਸ਼
ਹਮੇਸ਼ਾ
ਚੰਗਾ ਦੋਸਤ ਸਿੱਧ ਹੁੰਦਾ

●●●

ਕੁੱਝ ਕਵਿਤਾਵਾਂ
ਕੁੱਝ ਦੋਸਤੀਆਂ
ਮੇਰੀ ਜਿੰਦਗਾਨੀ ਦਾ
ਹਾਸਲ ਹੈ

# ਮੌਤ ਦੀ ਆਹਟ

ਉਮਰ ਦੇ ਇਕ
ਪੜਾਅ 'ਤੇ ਆ ਕੇ
ਹੌਲੀ ਹੌਲੀ
ਮਰਨ ਲੱਗਦਾ ਆਦਮੀ

ਮੌਤ ਵੱਲ ਵਧ ਰਿਹਾ ਆਦਮੀ
ਗਮਲਿਆਂ ਨੂੰ
ਪਾਣੀ ਦੇਣਾ ਭੁੱਲ ਜਾਂਦਾ
ਰੁੱਤ ਦੇ ਫੁੱਲਾਂ ਦਾ
ਦਿਨ ਗਿਣ ਕੇ
ਇੰਤਜ਼ਾਰ ਨਹੀਂ ਕਰਦਾ
ਤੇ ਨਾ ਹੀ
ਸਬਜ਼ੀ ਵਾਲੀ ਕਿਆਰੀ 'ਚੋਂ
ਨਦੀਨ ਕੱਢਦਾ

ਨਾ ਜਾਣਾ ਚਾਹੁੰਦਾ
ਘੁੰਮਣ ਕਿਧਰੇ
ਤੇ ਨਾ ਕਿਸੇ ਦੇ ਆਉਣ ਦੀ
ਉਡੀਕ ਕਰਦਾ

ਬੱਸ
ਹਰ ਵਕਤ
ਆਪਣੀ ਇਕੱਲ ਨਾਲ
ਕਰਦਾ ਰਹਿੰਦਾ ਗੱਲਾਂ
ਮੌਤ ਵੱਲ ਵਧ ਰਿਹਾ ਵਿਅਕਤੀ

# ਟਾੱਪਰ

ਉਹ
ਸਧਾਰਨ ਜਿਹਾ ਵਿਦਿਆਰਥੀ ਸੀ
ਕਾਲਿਜ ਦਾ
ਸੈਕਿੰਡ ਡਵੀਜ਼ਨ ਜੋਗਾ
ਚੁਪ-ਚੁਪ ਰਹਿਣ ਵਾਲਾ
ਨਾ ਬਹੁਤਾ ਸੁਣਨ
ਤੇ ਨਾ ਕਹਿਣ ਵਾਲਾ

ਤੇ ਫਿਰ
ਇਕ ਦਿਨ ਚਮਤਕਾਰ ਹੋਇਆ
ਉਸਦੀ ਇਕ ਸਹਿਪਾਠਨ ਨੇ
ਬੁਲਾ ਲਿਆ ਹੱਸ ਕੇ ਉਸਨੂੰ
ਤੇ ਫਿਰ ਇਹ ਨਿੱਕੀ ਜਿਹੀ ਧਾਰਾ
ਵਹਿੰਦਾ ਦਰਿਆ ਬਣ ਗਈ

ਉਹ ਸ਼ਰਮਾਕਲ ਜਿਹਾ ਮੁੰਡਾ
ਦੋਸਤ ਕੁੜੀ ਨਾਲ ਹੱਸਦਾ ਬੋਲਦਾ
ਕਾਲਜ ਦੇ ਸਭਿਆਚਾਰਕ ਸਮਾਗਮਾਂ 'ਚ
ਮੰਚ 'ਤੇ ਬੋਲਣ ਲੱਗ ਪਿਆ
ਕਵਿਤਾਵਾਂ ਵਿੱਚ
ਸ਼ਬਦ ਤੋਲਣ ਲੱਗ ਪਿਆ

ਉਹ ਦਰਮਿਆਨਾ ਜਿਹਾ ਵਿਦਿਆਰਥੀ
ਉਸੇ ਸਾਲ
ਆਪਣੀ ਕਲਾਸ ਦਾ
ਯੂਨੀਵਰਸਿਟੀ ਟਾੱਪਰ ਬਣਿਆਂ

# ਪੁਰਾਣੇ ਪ੍ਰੇਮੀਆਂ ਦਾ ਹਨੀਮੂਨ

ਉਹ
ਉੱਚ ਕਲਾਸਾਂ 'ਚ
ਇਕੱਠੇ ਪੜ੍ਹੇ
ਹੱਸੇ
ਲੜੇ
ਸਾਉਣ ਦਾ ਬੱਦਲ ਬਣ
ਇੱਕ ਦੂਜੇ 'ਤੇ ਵਰ੍ਹੇ

ਫਿਰ ਨੌਕਰੀ ਲੱਗੇ
ਤਾਂ ਦੋਨਾਂ ਨੇ ਵਿਆਹ ਕਰਵਾ ਲਿਆ
ਖ਼ੈਰ ਕਵਾਰੇ ਤਾਂ ਪਹਿਲਾਂ ਵੀ ਨਹੀਂ ਸਨ

ਉਹ
ਹਨੀਮੂਨ 'ਤੇ ਜਾਣ ਲੱਗੇ
ਤਾਂ ਹੱਸ ਪਏ
'ਚਲੋ ਆਪਾਂ ਇਹਨੂੰ
ਘੁੰਮਣ-ਘੁੰਮਾਉਣਾ ਕਹਿ ਦਿੰਦੇ ਹਾਂ'

# ਕੰਵਲ

ਕੂੜੇ ਦੇ ਕੀੜੇ
ਕੂੜੇ 'ਚ ਰਹਿੰਦੇ
ਗੰਦ 'ਚ ਮੂੰਹ ਮਾਰਦੇ
ਚਰਗਲ ਚਰਗਲ ਕਰਦੇ
ਤੇ ਹੋਰ ਕੀੜੇ ਜੰਮਦੇ

ਇਕੋ ਜਿਹੇ ਲੱਗਦੇ
ਮੁਸ਼ਕ ਮਾਰਦਾ ਗੰਦ
ਤੇ ਗੰਦ-ਮੰਦ ਦੇ ਕੀੜੇ
ਘਿਨ ਪੈਦਾ ਕਰਦੇ

ਇਸ ਗੰਦੇ ਚਿੱਕੜ 'ਚ
ਉੱਗਿਆ ਕੰਵਲ
ਟੀਸੀ 'ਤੇ ਫੁੱਲ ਬਣ
ਧੁੱਪ ਨਾਲ ਖੇਡਦਾ
ਚਾਣਨ-ਚਾਣਨ ਹੁੰਦਾ
ਨੇੜਲੀ ਹਵਾ ਨੂੰ
ਸੁਗੰਧਤ ਕਰਦਾ
ਕੰਵਲ ਚਿੱਕੜ 'ਤੇ ਤਰਦਾ

ਬੁਰੇ ਚੁਗਿਰਦੇ 'ਚ ਘਿਰੇ
ਕਈ ਸਖ਼ਸ਼ ਵੀ
ਕੰਵਲ ਹੁੰਦੇ

# ਲਿਵਹੀਨ

ਨਾ ਤੂੰ ਸਤਵੰਤੀ
ਨਾ ਪਤਵੰਤੀ
ਤੂੰ ਮਕਾਰ ਚਲੰਤੀ

ਸੁਭਾ-ਸਵੇਰੇ
ਬੁੱਕਲ 'ਚ ਰੱਖ
ਕਿਤਾਬ ਪਵਿੱਤਰ
ਤੂੰ ਹੋਂਠ ਹਿਲਾਵੇਂ
ਪਵਿੱਤਰ ਹੋਣ ਦਾ
ਸਵਾਂਗ ਰਚਾਵੇਂ
ਲਾਹਨਤਾਂ ਖਾਵੇਂ

ਤੂੰ ਕਿਰਤ ਨੂੰ
ਜਾਣੇ ਟਿੱਚ
ਹਰਾਮ ਖਾਵੇਂ
ਬਣਕੇ ਢੀਠ
ਬੇਜ਼ਮੀਰ ਮੌਜ ਮੰਨਾਵੇਂ
ਕੰਮ ਕਰੇਂ ਨਾ
ਸਮਾਂ ਲੰਘਾਵੇਂ
ਤੇ ਲਿਵਹੀਨ ਸਦਾਵੇਂ

# ਬੁੱਢਾ ਬਾਜ਼

ਜਦੋਂ ਬਾਜ਼
ਉਚਾਈ ਤੋਂ
ਖ਼ੁਦ ਉਡਾਨ ਨਾ ਭਰੇ
ਸਗੋਂ
ਓਲਾ ਦੇ ਕੇ ਉਡਾਈਏ
ਤਾਂ ਬਾਜ਼ ਉਦੋਂ ਵੀ
ਪੰਜਿਆਂ ਦੀ ਮਾਰ ’ਚ
ਸੁਖਾਲਾ ਹੀ ਆਉਂਦਾ
ਕਰ ਲੈਂਦਾ ਸ਼ਿਕਾਰ

ਪਰ
ਜਵਾਨ ਤੇਜ਼ ਪਰਿੰਦੇ
ਚਲਾਕ ਲੂੰਬੜੀਆਂ
ਚੁੰਘੀਆਂ ਭਰਦੇ ਮਿਰਗ
ਉਹਦੀ ਪਕੜ ਤੋਂ
ਬਾਹਰ ਹੋ ਜਾਂਦੇ

ਬੁੱਢਾ ਬਾਜ਼
ਪਹਿਲਾਂ ਜਿਹਾ ਸ਼ਿਕਾਰੀ ਨਹੀਂ ਰਹਿੰਦਾ

# ਨਿੱਕੀਆਂ ਗੱਲਾਂ

ਵੱਡੀਆਂ ਗੱਲਾਂ ਦੇ
ਅਰਥ ਵੱਡੇ
ਧਿਆਨ ਖਿੱਚਦੀਆਂ
ਵੱਡੀਆਂ ਗੱਲਾਂ

ਪਰ
ਵੱਡੇ ਅਰਥ ਰੱਖਦੀਆਂ
ਕੁੱਝ ਨਿੱਕੀਆਂ ਗੱਲਾਂ
ਵੱਡੀਆਂ ਗੱਲਾਂ ਦੇ ਝੁਰਮਟ 'ਚ
ਗਵਾਚ ਜਾਂਦੀਆਂ

ਨਿੱਕੇ ਨਿੱਕੇ ਅਨੁਭਵ
ਨਿੱਕੇ ਨਿੱਕੇ ਅਹਿਸਾਸ
ਜੋ ਹੋ ਗਏ ਸਨ
ਵੱਡੀਆਂ ਗੱਲਾਂ ਦੇ ਓਹਲੇ
ਅੱਜ
ਉਨ੍ਹਾਂ ਮੇਰੇ ਨਾਲ
ਦਰਦ ਆਪਣੇ ਨੇ ਫੋਲੇ

# ਅਵਾਰਾ ਮਨ

ਅਵਾਰਾ ਮਨ ਨੂੰ
ਕਾਬੂ 'ਚ ਰੱਖਣ ਲਈ
ਹਿਸਾਬੀ-ਕਿਤਾਬੀ ਸੋਚਾਂ
ਕਰਦੀਆਂ ਬਹੁਤ ਯਤਨ
ਲਾਉਂਦੀਆਂ
ਅਦਿਸ ਬੰਧਨ

ਪਰ ਅੱਥਰੇ ਬਾਲ
ਗਲੀਆਂ 'ਚ ਖੇਡਦੇ
ਛੇਤੀਂ ਕੀਤੇ
ਕਦ ਮਾਵਾਂ ਦੇ ਹੱਥ ਆਉਂਦੇ
ਇਹ ਤਾਂ
ਆਪਣੀ ਅੜੀ ਪੁਗਾਉਂਦੇ
ਢੋਲੇ ਦੀਆਂ ਲਾਉਂਦੇ

# ਮੈਂ ਜਿੱਤਣ ਤੱਕ ਲੜਾਂਗਾ

ਅਖੇ
ਤੂੰ ਜਿੱਤਿਆ ਨਹੀਂ
ਮੈਂ
ਹਾਰਿਆ ਵੀ ਤਾਂ ਨਹੀਂ

ਮੁੜ ਤਿਆਰੀ ਕਰਾਂਗਾ
ਇਕੱਠੀ ਕਰਕੇ
ਸਾਰੀ ਹਿੰਮਤ
ਫਿਰ ਲੜਾਗਾਂ
ਹਾਰ ਨੂੰ
ਜਿੱਤ 'ਚ ਬਦਲਣ ਲਈ
ਪਾਸਾ ਪਲਟਣ ਲਈ

ਹਾਰਦੇ ਉਹ ਨੇ
ਜਿਹੜੇ ਹਾਰ
ਕਰ ਲੈਣ ਸਵੀਕਾਰ

# ਵਕਤ ਦੀ ਕਰਵਟ

ਸੁਣ ਧੀਏ!
ਜ਼ਮਾਨਾ ਖਰਾਬ ਹੈ
ਛਾਤੀਆਂ  ਚੁੰਨੀ ਨਾਲ ਢਕ ਕੇ ਰੱਖੀਂ
ਬਹੁਤਾ
ਏਧਰ-ਓਧਰ ਨਾ ਤੱਕੀਂ
ਕਿਸੇ ਓਭੜ ਨਾਲ ਨਾ ਹੱਸੀ
ਸੰਭਲ ਸੰਭਲ ਕੇ ਤੁਰੀਂ
ਤੇ ਸਮੇਂ ਸਿਰ ਘਰ ਮੁੜੀਂ

ਘਰੋਂ ਕਾਲਜ ਜਾਂਦੀ ਧੀ ਨੂੰ
ਇਹ ਨਸੀਹਤਾਂ ਦੇਣ ਵਾਲੀ ਮਾਂ
ਇਕੱਲੀ ਧੀ ਨੂੰ
ਅੱਜ ਬਾਹਰਲੇ ਮੁਲਕ ਜਾਣ ਲਈ
ਏਅਰਪੋਟ 'ਤੇ
ਜਹਾਜ਼ 'ਤੇ ਚੜ੍ਹਾਉਣ ਆਈ ਹੈ
ਤੇ ਚਿਹਰੇ 'ਤੇ
ਖੁਸ਼ੀ ਛਾਈ ਹੈ

# ਸੁਰਮੇ ਦੀ ਚੋਰੀ

ਤੇਰੀ ਭੋਲ਼ੀ ਜਿਹੀ ਤੱਕਣੀ ਨੇ
ਚੁੱਪ-ਚਪੀਤੇ ਹੀ
ਮੇਰੀਆਂ ਅੱਖਾਂ 'ਚੋਂ
ਸੁਰਮਾ ਚੋਰੀ ਕਰ ਲਿਆ

ਪਰ ਹੁਣ ਯਤਨ ਕਰੀਂ
ਕਿ ਇਹ ਸੁਰਮਾ
ਸਾਡੇ ਮੱਥੇ ਦੀ
ਕਾਲਖ ਨਾ ਬਣੇ
ਸਗੋਂ ਮੁਹੱਬਤ ਦਾ
ਸੂਹਾ ਹਰਫ਼ ਬਣ ਕੇ ਉੱਘੜੇ

●●●

ਸੁਰਮਾ ਵਿਚਾਰਾ
ਇਕ ਕਾਲੀ ਜਿਹੀ ਚੀਜ਼
ਜਦੋਂ ਤੇਰੀਆਂ
ਅੱਖਾਂ ਦੇ ਵਿੱਚ ਪੈ ਗਿਆ,
ਨੀ ਸੁਰਮੇ ਦੀ
ਟੌਹਰ ਬਣ ਗਈ
ਜਿਹਨੇ ਤੱਕਿਆ
ਉਹ ਤੱਕਦਾ ਹੀ ਰਹਿ ਗਿਆ
ਨੀ ਸੁਰਮੇ ਦੀ
ਟੌਹਰ ਬਣ ਗਈ

# ਡੋਲ-ਅਡੋਲ

ਫ਼ਾਇਦਾ ਵੇਖ ਕੇ
ਪਾਲ਼ਾ ਬਦਲਣ ਵਾਲੇ
ਧੋਬੀਆਂ ਦੇ ਕੁੱਤੇ
ਡੱਬ-ਖੜੱਬੇ
ਭੂਸਲੇ
ਕਾਲ਼ੇ

ਵਗਦੀ ਹਵਾ ਦੇ
ਨਾਲ ਨਾਲ ਤੁਰਨ ਵਾਲੇ
ਨਾ ਇਹ ਕੁੱਜੇ
ਨਾ ਇਹ ਆਲ਼ੇ

ਉਹੀ ਨੇ ਅਸਲ ਬੰਦੇ
ਜੋ ਹੋਣ
ਅਸੂਲਾਂ ਵਾਲੇ
ਰਹਿੰਦੇ ਅਡੋਲ
ਸੱਚ 'ਤੇ
ਬਦਲਦੇ ਨਹੀਂ ਪਾਲ਼ੇ

# ਮਾਡਰਨ ਤੀਆਂ

ਹਾਲ ਦੇ ਵਿੱਚ ਮਨਾਈਆਂ ਤੀਆਂ,
ਫ਼ਿਲਮ ਦੇ ਵਾਂਗ ਵਿਖਾਈਆਂ ਤੀਆਂ।

ਬਿਰਖ ਪਿੱਪਲ ਦਾ ਭੁੱਲ ਗਿਆ ਹੈ,
ਕੁੜੀਆਂ ਸੀ ਕਦ ਲਾਈਆਂ ਤੀਆਂ।

'ਠੂਹ-ਠਾਹ' ਜਦੋਂ ਪੰਜਾਬ ਮਧੋਲਿਆ,
ਉਦੋਂ ਤੋਂ ਮੁਰਝਾਈਆਂ ਤੀਆਂ।

ਸਾਵਣ ਵਿੱਚ ਪੇਕੇ ਪਿੰਡ ਆਵਣ,
ਦੂਰ ਕਿਤੇ ਮੁਕਲਾਈਆ ਧੀਆਂ।

ਲੰਡਰ ਲੁੱਟਣ ਲਈ ਆ ਪਹੁੰਚੇ,
ਗਹਿਣ ਪਾ ਜਦ ਆਈਆਂ ਤੀਆਂ।

ਧੀਆਂ ਦਾ ਤਿਉਹਾਰ ਹੈ ਤੀਆਂ,
ਕਿਸੇ ਨੇ ਨਹੀਂ ਲਵਾਈਆ ਤੀਆਂ।

ਕੁਦਰਤ ਦੀ ਬੁੱਕਲ 'ਚੋਂ ਕੱਢ ਹੁਣ,
ਪਿੰਜਰੇ ਦੇ ਵਿੱਚ ਪਾਈਆਂ ਤੀਆਂ।

ਖੀਰ, ਪੂੜੇ ਤੇ ਹਲਵਾ, ਗੁਲਗੁਲੇ
ਬਾਰਿਸ਼ ਨਾਲ ਲਿਆਈਆਂ ਤੀਆਂ।

ਜਿਨ੍ਹਾਂ ਦੇ ਮਨ ਖੁਸ਼ੀ ਦਾ ਵਾਸਾ,
ਉਨ੍ਹਾਂ ਖ਼ੂਬ ਮਨਾਈਆਂ ਤੀਆਂ।

# ਲੈ ਜਾ ਹੇਜਲੀਆਂ

ਲੈ ਜਾ ਹੇਜਲੀਆਂ ਤੂੰ
ਆਪਣੀਆਂ ਝੂਠੀਆਂ,
ਨਹੀਂ ਚਾਹੀਦੇ ਹੁਣ ਸਾਨੂੰ ਕੂੜ ਦਿਲਾਸੇ।
ਦੇ ਸਕਦੈ ਤਾਂ
ਸਾਡੇ ਸੁਪਣੇ ਗਵਾਚੇ ਮੋੜ ਦੇ,
ਸਾਨੂੰ ਚਾਹੀਦੇ ਸੱਚੀਂ ਮੁੱਚੀਂ ਦੇ ਹਾਸੇ।

ਨੀ ਜੇ ਤੂੰ ਅਕਲ ਲਤੀਫ਼
ਹੈਂ ਸੁੰਦਰਾਂ ਰਾਣੀਏਂ!
ਸੱਚੇ ਜੋਗੀ ਨੂੰ ਝੱਟ ਮੁੰਦਰਾਂ ਤੋਂ ਪਛਾਣੀਏਂ।
ਤੇਰੇ ਧੌਲਰ ਨੂੰ ਹੈ ਮਿਹਣਾ
ਫ਼ੱਕਰ ਮੁੜਿਆ ਜੇਂ,
ਖ਼ਾਲੀ ਲੈ ਕੇ ਚਲਾਕੋ ਤੇਰੇ ਦਰ ਤੋਂ ਕਾਸੇ।

ਜਿੱਥੇ ਪੌਣਾ ਵੀ ਨੇ
ਸੰਭਲ ਸੰਭਲ ਕੇ ਵਗਦੀਆਂ,
ਜੰਗਲੀ ਮਿਰਗ ਦੇ ਵਾਂਗੂੰ ਡਰੀਆਂ ਹੋਈਆਂ ਲਗਦੀਆਂ।
ਸੌ ਹੱਥ ਰੱਸਾ ਸਿਰੇ 'ਤੇ ਗੰਢ
ਮੈਂ ਸੌ ਦੀ ਇਕ ਕਹਾਂ,
ਅੱਜ ਕੱਲ੍ਹ ਇਸ ਤਰ੍ਹਾਂ ਦੀ ਥਾਂ 'ਤੇ ਸਾਡੇ ਵਾਸੇ ।

# ਭੂਲ-ਭੁਲੱਈਆ

ਖੁਰਦਾ ਖੁਰਦਾ ਖੁਰ ਜਾਏਂਗਾ ਧਰਮ ਸਿੰਹਾਂ।
ਭੁਰਦਾ ਭੁਰਦਾ ਭਰ ਜਾਏਂਗਾ ਧਰਮ ਸਿੰਹਾਂ।
ਮੇਲਾ ਦੁਨੀਂ ਦਾ ਵੱਧ ਤੋਂ ਵੱਧ ਦਸ ਦਹਾਈਆਂ
ਖੁਰਦਾ ਖੁਰਦਾ ਤੁਰ ਜਾਏਂਗਾ ਧਰਮ ਸਿੰਹਾਂ।

ਜੀਵਨ ਗੁੰਝਲਦਾਰ ਹੈ ਪੋਥੀ ਵਾਚ ਜਰਾ,
ਪੜ੍ਹਦਾ ਪੜ੍ਹਦਾ ਪੜ੍ਹ ਜਾਏਂਗਾ ਧਰਮ ਸਿੰਹਾਂ।
ਤੁਰਦਾ ਤੁਰਦਾ ਪਹੁੰਚ ਜਾਏਂਗਾ ਮੰਜ਼ਿਲ ’ਤੇ,
ਖੜ੍ਹਦਾ ਖੜ੍ਹਦਾ ਖੜ੍ਹ ਜਾਏਂਗਾ ਧਰਮ ਸਿੰਹਾਂ।

ਸੱਚ ਓਢ ਕੇ ਖੇਸੀ ਬਹਿ ਗਿਆ ਬਰਫ਼ ਉੱਤੇ,
ਝੂਠ ਨੂੰ ਚੜ੍ਹਦਾ ਪਾਲ਼ਾ ਹੁੰਦਾ ਧਰਮ ਸਿੰਹਾਂ।
ਸੱਚ ਦਾ ਮੁੱਖ ਤਾਂ ਹਰ ਪਲ਼ ਨੂਰੋ ਨੂਰ ਰਹੇ,
ਮੂੰਹ ਝੂਠ ਦਾ ਹੁੰਦਾ ਕਾਲ਼ਾ ਧਰਮ ਸਿੰਹਾਂ।

ਨਾਲ ਗ਼ਮਾਂ ਦੇ ਸਾਡੀ ਸਾਂਝ ਸਕੀਰੀ ਹੈ,
ਜਾਂਦੇ ਜਾਂਦੇ ਮੁੜਕੇ ਆ ਗਏ ਧਰਮ ਸਿੰਹਾਂ।
ਪੀਂਦੇ ਪੀਂਦੇ ਪੀ ਗਏ ਕੁੱਲ ਹਯਾਤੀ ਨੂੰ,
ਖਾਂਦੇ ਖਾਂਦੇ ਖਾਂਦੇ ਖਾ ਗਏ ਧਰਮ ਸਿੰਹਾਂ।

ਚੰਗਾ ਮਾੜਾ, ਹਾਸਾ ਸਾੜਾ, ਰਲੇ ਮਿਲੇ,
ਜ਼ਿੰਦਗੀ ਹੈ ਇਕ ਭੂਲ ਭੁਲੱਈਆ ਧਰਮ ਸਿੰਹਾਂ।
ਮੁਸ਼ਕਲ ਵਿੱਚ ਵੀ ਜੇਕਰ ਮਸਤੀ ਬਣੀ ਰਹੇ,
ਫਿਰ ਹੀ ਜੀਵਨ ਥੱਈਆ ਥੱਈਆ ਧਰਮ ਸਿੰਹਾਂ।

# ਤੇਰੀ ਨੇੜਤਾ ਹੈ

ਤੇਰੀ ਨੇੜਤਾ ਹੈ
ਉੱਚਿਆਂ ਚੁਬਾਰਿਆਂ ਦੇ ਨਾਲ।
ਅਸੀਂ ਰਲ ਮਿਲ ਰਹੀਏ
ਬਾਕੀ ਸਾਰਿਆਂ ਦੇ ਨਾਲ।

ਤੂੰ ਸਿੱਕਿਆਂ ਤੇ ਸ਼ੋਹਰਤਾਂ ਦਾ
ਮਿਣਦਾ ਏਂ ਕੱਦ,
ਸਾਡੀ ਸਿੱਧੀ ਗੱਲਬਾਤ
ਚੰਦ ਤਾਰਿਆਂ ਦੇ ਨਾਲ

ਤੈਨੂੰ ਭਾਗੋ ਦੀਆਂ ਦੌਲਤਾਂ ਦਾ
ਪੈ ਗਿਆ ਏ ਭੁੱਸ,
ਸਾਡੀ ਸਾਂਝ ਗੂੜ੍ਹੀ
ਕੁੱਲੀਆਂ 'ਤੇ ਢਾਰਿਆਂ ਦੇ ਨਾਲ।

ਚਾਪਲੂਸੀ ਕਰ ਲੈ ਲਏ ਤੂੰ
ਰੁਤਬੇ ਜਾਗੀਰਾਂ,
ਸਾਡੀ ਅਣਖ ਦਾ ਵਾਹ
ਤਿੱਖੇ ਆਰਿਆਂ ਦੇ ਨਾਲ।

ਸਾਨੂੰ ਆਪਣੀ ਸਚਾਈ
ਦੀ ਹੈ ਤਾਕਤ 'ਤੇ ਮਾਣ
ਭਾਵੇਂ ਲਿੱਸੇ, ਪੰਗਾ ਲੈ ਲਈਏ
ਭਾਰਿਆਂ ਦੇ ਨਾਲ।

# ਚੱਲ ਬੁੱਲ੍ਹਿਆ

ਚੱਲ ਬੁੱਲ੍ਹਿਆ ਤੈਨੂੰ ਤੇਰੇ ਪੰਜਾਬ ਲੈ ਜਾਵਾਂ।
ਸੁੰਨਿਆਂ ਘਰਾਂ ਦਾ ਕਿਹੜਾ ਬੇਲੀ ਆ ਕੇ ਵਸਣ ਬਲਾਵਾਂ।

ਬੁੱਲ੍ਹੇ ਨਾਲੋਂ ਚੁੱਲ੍ਹਾ ਚੰਗਾ, ਚੁੱਲ੍ਹੇ ਨਾਲੋਂ ਬੁੱਲ੍ਹਾ।
ਜਿਉਂਦੇ ਹੋਣ ਦੀ ਖ਼ਾਸ ਨਿਸ਼ਾਨੀ ਘਰ ਦਾ ਬੂਹਾ ਖੁੱਲ੍ਹਾ।
ਤੈਨੂੰ ਤੇਰੇ ਵਰਗੇ ਦਰਵੇਸ਼ਾਂ ਦੇ ਨਾਲ ਮਿਲਾਵਾਂ।

ਬੁੱਲ੍ਹੇ ਸੰਗ ਕਸੂਰ ਸ਼ੋਭਦਾ, ਨਾਨਕ ਸੰਗ ਨਨਕਾਣਾ
ਲੱਖ ਵਖਰੇਵਾਂ ਪਾਏ ਕੋਈ, ਅੰਤ ਇਕੋ ਹੋ ਜਾਣਾ।
ਆਖਿਰ ਕਹਿੰਦੇ ਆ ਮਿਲਦੀਆ ਗਲ ਨੂੰ ਭੱਜੀਆਂ ਬਾਹਵਾਂ।

ਜਿੰਨਾ ਲਾਹੌਰ ਹੈ ਤੇਰਾ ਬੁੱਲ੍ਹਿਆ ਅੰਮ੍ਰਿਤਸਰ ਵੀ ਤੇਰਾ।
ਫ਼ੱਕਰ ਮੰਨਦੇ ਕਿਹੜੀਆ ਰੋਕਾਂ, ਹਰ ਥਾਂ ਲਾਉਂਦੇ ਡੇਰਾ।
ਆਪਣਿਆਂ ਦੀ ਮਜ਼ਲਿਸ ਦੇ ਵਿੱਚ ਠੰਡੀਆਂ ਆਉਣ ਹਵਾਵਾਂ।

ਬੰਦ ਬੂਹਿਆਂ ਨੂੰ ਸਿਉਂਕ ਖਾ ਜਾਂਦੀ ਬੂਹਾ ਰੱਖੀਏ ਖੁੱਲ੍ਹਾ।
ਸਾਥੋਂ ਵੀ ਕੁੱਝ ਭੁੱਲਾਂ ਹੋਈਆਂ ਜੇਕਰ ਬੁੱਲ੍ਹਾ ਭੁੱਲ੍ਹਾ।
ਪਟਿਆਲੇ ਰਹਿੰਦੇ ਕੰਮੇਆਣੇ ਦਾ ਅੱਜ ਵੀ ਪਿੰਡ ਸਿਰਨਾਵਾਂ।

# ਖਾਲੀ ਰਕਾਬ

ਕਿੰਨਾ ਕੁ ਤੇ ਕਿਸ ਤਰ੍ਹਾਂ ਹਾਂ ਜੀਵਿਆ
ਜ਼ਿੰਦਗੀ ਮੇਰੇ ਤੋਂ ਮੰਗਦੀ ਹੈ ਹਿਸਾਬ।
ਦੱਸ ਮੈਂ ਦੱਸਾਂ ਤਾਂ ਕੀ ਦੱਸਾਂ,
ਸੁੱਝਦਾ ਨਹੀਂ ਕੋਈ ਜਵਾਬ।

ਤੇਰੇ ਬਾਝੋਂ ਰਾਤ ਲੰਬੀ, ਦਿਨ ਬੀਤਣ ਵਿੱਚ ਨਾ ਆਵੇ।
ਪੀੜ ਦੀ ਪੂਣੀ, ਗ਼ਮ ਦਾ ਚਰਖਾ ਜਿੰਦ ਕੱਤੀ ਦੀ ਜਾਵੇ।
ਇਨ੍ਹਾਂ ਗਹਿਰ ਗੰਭੀਰ ਸਵਾਲਾਂ ਦੇ ਅੱਗੇ,
ਕੀ ਕਰਾਂ, ਮੈਂ ਹੋ ਗਿਆ ਹਾਂ ਲਾ-ਜਵਾਬ।

ਸੱਚ ਬੋਲਾਂ ਕਿ ਝੂਠ ਮੈਂ ਬੋਲਾਂ, ਮਿੱਠਾ ਕਹਾਂ ਕਿ ਲੂਣਾ।
ਕਿੰਨਾ ਕੁੱਝ ਭਰਿਆ ਹੈ ਫਿਰ ਵੀ ਜਿੰਦ ਦਾ ਭਾਂਡਾ ਊਣਾ।
ਨਾ ਜਾਣੇ ਉਹ ਮਹਿਕ ਕਿਧਰ ਚਲੀ ਗਈ,
ਆਸੇ-ਪਾਸੇ ਖਿੜੇ ਹੋਏ ਕਿੰਨੇ ਗੁਲਾਬ।

ਜ਼ਿੰਦਗੀ ਤੈਨੂੰ ਜੀਣ ਦੀ ਇੱਛਾ ਰਹੀ ਮੇਰੀ ਜੀਅ ਭਰਕੇ।
ਮਨਮੱਤੀਆਂ ਪਰ ਮਰਦੀਆਂ ਰਹੀਆਂ ਨੇ ਕੁੱਝ ਚੁੱਪ ਕਰਕੇ।
ਬੇਬਸੀ ਤੇ ਝਿਜਕ ਡੂੰਘੀ ਦਫ਼ਨ ਕਰੀਏ,
ਪੈਰਾਂ ਨੂੰ ਉਡੀਕਦੀ ਖਾਲੀ ਰਕਾਬ।

# ਪਿੱਤਲ ਦੀ ਮੁੰਦਰੀ

ਪਿੱਤਲ ਦੀ ਸਸਤੀ ਜਿਹੀ ਮੁੰਦਰੀ ਪਰਾਣੀ,
ਇਸਨੇ ਸਾਂਭੇ ਹੋਏ ਮਹਿੰਗੇ ਸੁਪਣੇ ਆਂ।
ਮੁੱਲ ਇਨ੍ਹਾਂ ਦਾ ਮੇਰੇ ਅਹਿਸਾਸਾਂ ਨੂੰ ਪਤਾ,
ਗਿਣਤੀ ਕਰਿਆਂ ਕਦ ਇਹ ਸੁਪਣੇ ਮੁੱਕਣੇ ਆਂ।

ਸ਼ਹਿਰ ਪੁਰਾਣਾ ਜਿੱਥੇ ਇਕ ਆਇਆ 'ਵਲੀ'।
ਇਸ ਮੁੰਦਰੀ ਦੀ ਵਾਕਫ਼ ਉਸਦੀ ਗਲੀ ਗਲੀ।
ਇਨ੍ਹਾਂ ਗਲੀਆਂ ਦੇ ਵਿੱਚ ਮੰਨ ਮਨੌਤੀਆਂ,
ਤੇ ਇਨ੍ਹਾਂ ਨੇ ਤੱਕੇ ਸਾਡੇ ਰੁੱਸਣੇ ਆਂ।

ਭਾਵੇਂ ਪਿੱਛੇ ਰਹਿ ਗਏ ਸ਼ਿਅਰਾਂ ਦੇ ਗਵਾਹ।
ਇਸ ਮੁੰਦਰੀ ਵਿੱਚ ਮੇਰੇ ਅੱਜ ਵੀ ਵੱਸਦੇ ਸਾਹ।
ਰਾਂਝੇ ਦੇ ਭਾਗਾਂ 'ਚ ਕੀਹਨੇ ਲਿਖਿਆ,
ਤੇਰੇ ਕੋਲੋਂ ਤਖ਼ਤ ਹਜ਼ਾਰੇ ਖੁੱਸਣੇ ਆਂ।

ਇਹ ਮੁੰਦਰੀ ਗੁੰਮ ਕੇ ਵੀ ਨਹੀਂ ਗੁੰਮ ਸਕਦੀ।
ਸਦਾ ਸਦਾ ਲਈ ਮਨ ਮੇਰੇ ਵਿੱਚ ਵਸਦੀ।
ਇਸ ਮੁੰਦਰੀ ਨੇ ਦੱਸਣੇ ਨੇ ਦੁੱਖ ਆਪਣੇ,
ਮੇਰੇ ਕੋਲੋਂ ਮੇਰੇ ਦੁੱਖ ਵੀ ਪੁੱਛਣੇ ਆਂ।

# ਰਮਤੇ ਜੋਗੀਆ

ਰਮਤੇ ਰਮਤੇ ਆ ਜੋਗੀਆ-ਰਮਤੇ ਜੋਗੀਆ।
ਮਨ ਮੇਰੇ 'ਤੇ ਸੁੰਨੇ ਦਰ 'ਤੇ
ਆ ਕੇ ਅਲਖ ਜਗਾ ਜੋਗੀਆ-ਰਮਤੇ ਜੋਗੀਆ।

ਮੋਤੀਓ ਮਹਿੰਗਾ ਹਰਫ਼ ਮੁਹੱਬਤ
ਤੇਰੀ ਝੋਲੀ ਪਾਵਾਂ।
ਖ਼ੈਰ ਇਸ਼ਕ ਦੀ ਮਿਲਦੀ ਜਿਹਨੂੰ
ਜੋਗੀ ਟਾਵਾਂ ਟਾਵਾਂ।
ਮੈਂ ਮੇਲ੍ਹਦੀ ਆਵਾਂ ਦੂਰੋਂ
ਐਸੀ ਬੀਨ ਵਜਾ ਜੋਗੀਆ - ਰਮਤੇ ਜੋਗੀਆ।

ਦੁੱਧ ਨਾਲ ਤੇਰੇ ਦਿਨ ਧੋ ਦੇਵਾਂ
ਮਹਿਕਾਂ ਨਾਲ ਮੈਂ ਰਾਤਾਂ।
ਮੋਇਆਂ ਪਿੱਛੋਂ ਰਹਿਣੀਆਂ ਜੀਵਤ,
ਪਿਆਰ ਸਾਡੇ ਦੀਆਂ ਬਾਤਾਂ।
ਜਿੰਨਾ ਚਿਰ ਜਿੰਦ ਦੀਵਾ ਜਗਦਾ,
ਸਾਂਝੇ ਲੈਣੇ ਸਾਹ ਜੋਗੀਆ - ਰਮਤੇ ਜੋਗੀਆ।

ਬੜੀ ਦੇਰ ਤੋਂ ਸੁੰਨੀਆਂ ਜੂਹਾਂ
ਪਏ ਵਰਾਨ ਇਹ ਬੇਲੇ।
ਫੁੱਲਾਂ ਦੀ ਰੁੱਤ ਪਿੱਛੋਂ ਆਈ,
ਪਹਿਲਾਂ ਆਏ ਝਮੇਲੇ।
ਮਿਟ ਜਾਵਣ ਸਭ ਕੂੜ ਦੇ ਬੰਧਨ
ਸੱਪਾਂ ਨੂੰ ਕੀਲ ਬਿਠਾ ਜੋਗੀਆ - ਰਮਤੇ ਜੋਗੀਆ।

# ਆਪਣੇ ਤਾਰੇ

ਕਾਲ਼ੀ ਰਾਤ
ਬੇਗਾਨੀ ਛੱਤ
ਚੋਰੀ ਚੋਰੀ ਜਾ ਕੇ
ਤਾਰੇ ਰਿਹਾ ਤੱਕ

ਇਹ ਲਭਾਉਣੇ ਤਾਰੇ
ਤੇਰੇ ਘਰ ਦੀ ਛੱਤ ਤੋਂ ਵੀ
ਦਿਸਦੇ ਨੇ ਸਾਰੇ

ਆਪਣੇ ਤਾਰੇ
ਪਿਆਰੇ ਪਿਆਰੇ
ਕਿਉਂ ਵਿਸਾਰੇ ?

# ਬਲਿਹਾਰੇ ਕੁਦਰਤ

ਬੁਰੇ ਮੌਸਮਾਂ ਦੀ ਮਾਰ ਸਹਿੰਦਾ
ਸੁੱਕ ਗਿਆ ਰੁੱਖ ਨਿੰਮ ਦਾ
ਉਹ ਥਾਂ ਬੇਰੌਣਕ ਜਿਹੀ ਹੋ ਗਈ

ਬਾਰਿਸ਼ਾਂ ਦਾ ਦੌਰ ਆਇਆ
ਉੱਗ ਪਈ ਇੱਕ ਵੇਲ
ਮੁੱਢ 'ਚ ਨਿੰਮ ਦੇ
ਤੇ ਮਲਕੜੇ ਜਿਹੇ ਚੜ੍ਹ ਗਈ ਪੋਰੇ 'ਤੇ
ਹੁਣ ਸੁੱਕੀ ਨਿੰਮ 'ਤੇ
ਹਰੇ ਪੱਤੇ ਤੇ ਗੁਲਾਬੀ ਫੁੱਲ ਟਹਿਕਦੇ

ਕੁਦਰਤ
ਆਪਣੇ-ਆਪ ਨੂੰ
ਮੁੜ ਸ਼ਿੰਗਾਰਨਾ ਜਾਣਦੀ

# ਮਸਤ ਚਾਲ ਰੱਖਣਾ

ਦੌਰ ਬੁਰਾ ਵੀ ਆਵੇ ਤੂੰ ਮਸਤ ਚਾਲ ਰੱਖਣਾ।
ਅੱਖਾਂ 'ਚ ਚਮਕ ਹੌਸਲੇ ਦੀ ਤੂੰ ਹਰ ਹਾਲ ਰੱਖਣਾ।

ਨਾ ਘਬਰਾਈਂ ਕਦੇ ਤੂੰ ਰਾਹਾਂ ਦੀਆਂ ਬਲਾਵਾਂ ਤੋਂ,
ਸ਼ਾਂਤ ਮਹੌਲ ਵਿੱਚ ਵੀ ਪੈਂਦਾ ਨਾਲ ਬਵਾਲ ਰੱਖਣਾ।

ਚੁੱਪ ਰਹਿਣ ਲਈ ਮਜ਼ਬੂਰ ਵੀ ਹੋ ਸਕਦਾ ਏਂ ਤੂੰ,
ਕਿਉਂ ਤੇ ਕਿਵੇਂ ਹੋਇਆ ਸੁਲਗਦਾ ਪਰ ਸਵਾਲ ਰੱਖਣਾ।

ਇਹ ਦੌਰ ਬੇਸ਼ੱਕ ਨਿਰਾਸ਼ਾ ਦੇ ਨਾਲ ਭਰਿਆ,
ਬੁਰੇ ਵੇਲ਼ੇ 'ਚ ਵੀ ਤੂੰ ਪਰ ਚੰਗੇ ਦੀ ਭਾਲ ਰੱਖਣਾ।

ਇਹ ਗੀਤ, ਗ਼ਜ਼ਲ, ਕਵਿਤਾ ਸੱਚੇ ਸਾਥੀ ਨੇ ਤੇਰੇ,
ਹਰ ਹਾਲ ਵਿੱਚ ਇਨ੍ਹਾਂ ਨੂੰ ਆਪਣੇ ਨਾਲ ਰੱਖਣਾ।

# ਵਿਦਵਾਨ/ਆਲੋਚਕ ਆਖਦੇ ਹਨ

ਪਿਛਲੇ ਵਰ੍ਹੇ ਧਰਮ ਕੰਮੇਆਣਾ ਦਾ ਕਾਵਿ-ਸੰਗ੍ਰਹਿ 'ਅੱਗ ਦੇ ਫੁੱਲ' ਪੜ੍ਹਿਆ ਤਾਂ ਉਸ ਦੀਆਂ ਕਵਿਤਾਵਾਂ ਸਹਿਜੇ ਹੀ ਮਨ ਵਿਚ ਠਹਿਰ ਗਈਆਂ ਸਨ।

.............

ਧਰਮ ਕੰਮੇਆਣਾ ਇਸ ਸਭਿਆਚਾਰਕ ਤਣਾਅ ਵਿਚ ਹੋ ਗਏ 'ਮਨ ਪਰਦੇਸੀ' ਦੀ ਕਰੁਣਾ ਨੂੰ ਪੇਸ਼ ਹੀ ਨਹੀਂ ਕਰਦਾ, ਸਗੋਂ ਉਸ ਸਮੱਸਿਆ ਨੂੰ ਸਿੱਧੇ ਸ਼ਬਦਾਂ 'ਚ ਪੇਸ਼ ਕੀਤਾ ਗਿਆ ਹੈ, ਕਿਉਂਕਿ ਉਹ ਇਸ ਦੀ ਬਾਰ-ਬਾਰ ਗੱਲ ਕਰਦਾ ਹੈ, ਦੁਹਰਾਉਂਦਾ ਹੈ, ਇਹ ਦੁਹਰਾਓ ਉਸ ਦੀ ਪੀੜਾ ਨੂੰ ਵੀ ਸਾਬਤ ਕਰਦਾ ਹੈ, ਅਚੇਤ ਤੱਕ ਅਹਿਸਾਸ ਨੂੰ ਪੇਸ਼ ਕਰਦਾ ਹੈ। ਇਸ ਤਣਾਅ ਨੇ ਮਨੁੱਖ ਨੂੰ ਸਵਾਰਥੀ ਬਣਾ ਦਿੱਤਾ ਹੈ। ਇਸ ਵਿਚੋਂ ਜਾਗੇ ਮਾਹੌਲ ਨੇ ਮਨੁੱਖ ਕੋਲੋਂ ਬੋਲ ਖੋਹ ਲਏ ਹਨ, ਇਹ ਬੋਲ ਹੀਣ ਅਵਸਥਾ ਹੀ ਇਕ ਵਿਅੰਗ ਬਣ ਜਾਂਦੀ ਹੈ :-

ਆਪਣੇ ਆਪ ਦੇ ਨਾਲ ਬੋਲਿਆਂ
ਵਰ੍ਹੇ ਨੇ ਜਾਂਦੇ ਬੀਤ,
ਕਿਸੇ ਹੋਰ ਸੰਗ ਬੋਲਣ ਜੋਗਾ
ਵਕਤ ਹੈ ਕੀਹਦੇ ਕੋਲ।

**-ਡਾ. ਸੁਤਿੰਦਰ ਸਿੰਘ ਨੂਰ**

ਧਰਮ ਪੰਜਾਬੀ ਦੀ ਆਧੁਨਿਕ ਕਵਿਤਾ ਵਿਚ ਪਿੰਡ ਦੇ ਰੁਮਾਂਸ ਮੁਕਤ ਯਥਾਰਥ ਨੂੰ ਉਸ ਦੀ ਸਮੁੱਚਤਾ ਅਤੇ ਗਤੀਸ਼ੀਲਤਾ ਵਿਚ ਚਿਤਰਣ ਵਾਲਾ ਸਮਰੱਥਾਵਾਨ ਸ਼ਾਇਰ ਹੈ। ਉਸ ਦੀ ਰਚਨਾ ਦਾ ਕੇਂਦਰੀ ਬਿੰਦੂ ਭਾਵੇਂ ਪੰਜਾਬ ਦੇ ਪਿੰਡਾਂ ਵਿਚ ਜਿਉਂ ਰਹੀ ਛੋਟੀ ਕਿਸਾਨੀ ਹੈ ਪਰੰਤੂ ਉਹ 'ਭੂਪਾਲ ਗੈਸ ਕਾਂਡ' ਵਰਗੀਆਂ ਵਿੱਲਖਣ ਰਚਨਾਵਾਂ ਨਾਲ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਪੂੰਜੀਵਾਦੀ ਪ੍ਰਬੰਧ ਦੇ ਘਿਨਾਉਣੇ ਚਿਹਰੇ ਦੀਆਂ ਰਗਾਂ ਨੂੰ ਵੀ ਜਾ ਫੜਦਾ ਹੈ।

.............

ਉਸ ਦੀ ਸਮੁੱਚੀ ਕਵਿਤਾ ਦਾ ਸਾਰ ਉਸ ਦੀ ਕਵਿਤਾ ਵਿਚ 'ਵਿਰੋਧ' ਦੀ ਜੁਗਤ ਰਾਹੀਂ ਮੂਰਤੀਮਾਨ ਹੁੰਦਾ ਹੈ। ਉਹ ਪੁਰਾਣੇ ਦੇ ਵਿਰੋਧ 'ਚ ਨਵਾਂ, ਪਰੰਪਰਾ ਦੇ ਵਿਰੋਧ 'ਚ ਨਵੀਨਤਾ, ਸਥਾਪਤ ਦੇ ਵਿਰੋਧ 'ਚ ਉਠ ਰਿਹਾ, ਦਿਸਦੇ ਅਤੇ ਸਤਹੀ ਦੇ ਵਿਰੋਧ ਵਿਚ ਲੁਪਤ, ਅਗਿਆਨਤਾ ਦੇ ਵਿਰੋਧ 'ਚ ਸੰਗਠਨ, ਜੋਸ਼ ਦੇ ਵਿਰੋਧ 'ਚ ਸੋਚ, ਢਾਹੂ ਦੇ ਵਿਰੋਧ 'ਚ ਉਸਾਰੂ ਨੂੰ ਪੇਸ਼ ਕਰਦਿਆਂ ਆਪਣੀ ਕਵਿਤਾ ਦੇ ਵਸਤੂ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦਾ ਹੈ। ਜਿਥੇ ਪਾਸ਼ ਦੀ ਪ੍ਰਤਿਭਾ ਸਿਰਫ਼ ਨਜ਼ਮ ਰਾਹੀਂ ਵਧੇਰੇ

ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਹੁੰਦੀ ਹੈ ਉਥੇ ਧਰਮ ਦੀ ਕਵਿਤਾ ਗੀਤ ਅਤੇ ਨਜ਼ਮ ਦੋਹਾਂ ਰੂਪਾਂ ਰਾਹੀਂ ਆਪਣੀ ਵਸਤੂ ਨੂੰ ਬੜੇ ਮੌਲਿਕ, ਕਲਾਤਮਕ ਅਤੇ ਵਲੱਖਣ ਰੂਪ ਵਿਚ ਪੇਸ਼ ਕਰਨ ਵਿਚ ਸਫਲ ਹੈ। ਧਰਮ ਦੇ ਗੀਤ ਕਿਰਤੀ ਅਤੇ ਕਿਸਾਨ ਦੀ ਅਣਮਨੁੱਖੀ ਜੂਨ ਦੀ ਬਾਤ ਪਾਉਂਦਿਆਂ ਉਸ ਨੂੰ ਇਸ ਜੂਨ ਨੂੰ 'ਬੰਦਿਆਂ ਵਾਲੀ ਜੂਨ' ਬਣਾਉਣ ਦੀ ਚੇਤਨਾ ਦਿੰਦੇ ਹਨ। ਬੋਲੀ ਦੇ ਪੱਖ ਤੋਂ ਕੁਝ ਸ਼ਬਦ ਨਿਰੋਲ ਮਲਵਈ ਸਭਿਆਚਾਰ ਨਾਲ ਜੁੜੇ ਹੋਣ ਕਾਰਨ ਕਵੀ ਦੀ ਪ੍ਰਾਪਤੀ ਵੀ ਹਨ ਅਤੇ ਸੀਮਾ ਵੀ।

**-ਡਾ. ਸੁਰਜੀਤ ਸਿੰਘ ਭੱਟੀ**

ਧਰਮ ਸਿੰਘ ਕੰਮੇਆਣਾ ਉਨ੍ਹਾਂ ਸੰਵੇਦਨਸ਼ੀਲ ਕਵੀਆਂ ਵਿਚੋਂ ਇਕ ਮੌਲਿਕ ਅਤੇ ਪ੍ਰਮਾਣਿਕ ਹਸਤਾਖ਼ਰ ਹੈ, ਜਿਹੜੇ ਕਿਸ਼ੋਰਾਵਸਥਾ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਹੀ ਸਿਰਜਣਾ ਦੇ ਬਿਖੜੇ ਮਾਰਗ ਉਪਰ ਚੱਲਣਾ ਸ਼ੁਰੂ ਕਰ ਦਿੰਦੇ ਹਨ। ਉਸ ਨੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਿਆਂ ਹੀ ਆਪਣੀਆਂ ਭਾਵਨਾਵਾਂ ਨੂੰ ਕਾਵਿ ਦੇ ਮਾਧਿਅਮ ਦੁਆਰਾ ਅਭਿਵਿਅਕਤ ਕਰਨਾ ਸ਼ੁਰੂ ਕਰ ਦਿੱਤਾ ਸੀ।

.............

ਧਰਮ ਸਿੰਘ ਕੰਮੇਆਣਾ ਇਕ ਜ਼ਿੰਮੇਵਾਰ, ਜਾਗਰੂਕ ਅਤੇ ਵਚਨਬੱਧ ਕਵੀ ਹੈ। ਪੂਰਵਲੀ ਅਤੇ ਸਮਕਾਲੀ ਕਵਿਤਾ ਨਾਲ ਸੰਵਾਦ ਰਚਾਉਂਦਾ ਹੋਇਆ ਅੱਜ ਉਹ ਆਪਣੇ ਇਕ ਵਿਲੱਖਣ ਸਥਾਨ ਉਪਰ ਪਹੁੰਚ ਚੁੱਕਾ ਹੈ। ਉਸ ਨੇ ਬੜੀ ਨਿਸ਼ਠਾ, ਰੀਝ ਅਤੇ ਮੁਹੱਬਤ ਨਾਲ 'ਉਮਰਾਂ ਦੀ ਫੁਲਕਾਰੀ' ਨੂੰ ਕੱਢਿਆ ਹੈ। ਇਸ ਫੁਲਕਾਰੀ ਉਪਰ ਪਿਛਲੇ ਪੈਂਤੀ ਵਰ੍ਹਿਆਂ ਦੇ ਭਾਰਤੀ ਸਮਾਜ ਅਤੇ ਸਭਿਆਚਾਰ ਦੇ ਬੜੇ ਪ੍ਰਮਾਣਿਕ ਚਿਤਰ ਰੰਗ-ਸੁਰੰਗੇ 'ਪੱਟ' ਨਾਲ ਕੱਢੇ ਗਏ ਹਨ।

**-ਡਾ. ਬ੍ਰਹਮਜਗਦੀਸ਼ ਸਿੰਘ**

ਧਰਮ ਕੰਮੇਆਣਾ ਆਪਣੀ ਕਿਸਮ ਦਾ ਇਕ ਵਿਲੱਖਣ ਸ਼ਾਇਰ ਹੈ ਜਿਸ ਨੇ ਆਪਣੀ ਕਵਿਤਾ ਵਿਚ ਪੇਂਡੂ ਰੁੜ੍ਹੀਆਂ, ਮੁਹਾਵਰੇ ਅਤੇ ਸ਼ਬਦਾਵਲੀ ਦੀ ਸੁਚੱਜੀ ਵਰਤੋਂ ਨਾਲ ਇਕ ਨਿਵੇਕਲੀ ਸੰਰਚਨਾ ਨੂੰ ਜਨਮ ਦਿੱਤਾ ਹੈ। ਪੇਂਡੂ ਸੰਸਕ੍ਰਿਤੀ ਦੀ ਪਿੱਠ ਭੂਮੀ ਵਿਚ ਲਿਖੀਆਂ ਗਈਆਂ ਇਹ ਕਵਿਤਾਵਾਂ 'ਵੱਥ' ਤੇ 'ਕੱਥ' ਦਾ ਇਕ ਚੰਗਾ ਸੁਮੇਲ ਕਹੀਆਂ ਜਾ ਸਕਦੀਆਂ ਹਨ।

**- ਪ੍ਰੋ. ਪ੍ਰੀਤਮ ਸਿੰਘ ਰਾਹੀ**

ਧਰਮ ਕੰਮੇਆਣੇ ਦੇ ਪਿਛਲੇਰੇ ਦੌਰ ਦੀ ਰਚਨਾ ਵਿਚ ਪੰਜਾਬ ਦੇ ਸਮਕਾਲੀ ਸੰਕਟ ਦਾ ਰਾਜਸੀ ਯਥਾਰਥ ਪੇਸ਼ ਹੋਇਆ ਹੈ। ਉਸਦੀ ਮੁਖ ਸੁਰ ਫਿਰਕੂ ਝਖੜ ਸਮੇਂ ਨਿਰਪੱਖ ਮਨੁੱਖਤਾ ਦੀ ਅਵਾਜ਼ ਬੁਲੰਦ ਕਰਨ ਵਾਲੀ ਹੈ। ਅਜਿਹੇ ਸਮੇਂ ਪੰਜਾਬੀਆਂ ਦੀ ਸੋਚ ਦੋ ਧੜਿਆ ਵਿਚ ਵੰਡੀ ਗਈ ਸੀ, ਦੋਵੇਂ ਇਕ ਦੂਜੇ ਤੇ ਦੁਸਣਬਾਜ਼ੀ ਕਰਦੀਆਂ ਸਨ। ਇਸ ਸਮੇਂ ਇਕ ਤੀਜੀ ਧਿਰ ਵੀ ਸੀ, ਜੋ ਦੋਹਾਂ ਧਿਰਾਂ ਨੂੰ ਦੋਸ਼ੀ ਗਿਣਦੀ ਸੀ। ਧਰਮ ਕੰਮੇਆਣਾ ਹਰ ਸਿਆਸੀ ਵਰਤਾਰੇ ਦੀ ਤਹਿ ਵਿਚ ਜਾਂਦਾ ਹੈ। ਉਹ ਸਿਆਸੀ ਨੇਤਾਵਾਂ ਵੱਲੋਂ ਲੋਕਾਂ ਨੂੰ ਪਾੜਨ ਲਈ ਭੜਕਾਏ ਜਾਂਦੇ ਜਨੂੰਨ ਦਾ ਕਾਵਿ ਤਰਕ ਨਾਲ ਨਿਖੇਧ ਕਰਦਾ ਹੈ। ਇਸ ਪ੍ਰਕਾਰ ਉਸ ਦੀ ਕਵਿਤਾ ਸਮਕਾਲੀ ਕਵੀਆਂ ਨਾਲ ਤੁਰਦੀ ਹੋਈ ਵੀ ਆਪਣੀਆਂ ਵਿਲੱਖਣਤਾਵਾਂ ਸਿਰਜਦੀ ਹੈ।

.............

ਅੱਜ ਜਦੋਂ ਕਿ ਕਈ 'ਕਵੀ' ਕਵਿਤਾ ਦੇ ਨਾਂ ਉੱਤੇ 'ਅਕਵਿਤਾ' ਲਿਖ ਕੇ

ਸਵੀਕ੍ਰਿਤੀ ਦੀ ਦੌੜ 'ਚ ਲੱਗੇ ਹੋਏ ਹਨ ਤਾਂ ਅਜਿਹੇ ਸਮਿਆਂ 'ਚ ਹੱਥਲੀਆਂ ਕਵਿਤਾਵਾਂ ਸਮਕਾਲੀ ਵਿਸ਼ਵ ਕਵਿਤਾ ਦੀਆਂ ਪ੍ਰਗਟਾਅ ਵਿਧੀਆਂ ਨਾਲ ਬਰ ਮੇਚਦੀਆਂ ਹੋਈਆਂ ਸੱਚੀਂ-ਮੁੱਚੀਂ ਦੀ ਕਵਿਤਾ ਦਾ ਮੁੱਲਵਾਨ ਮਾਡਲ ਪੇਸ਼ ਕਰਦੀਆਂ ਹਨ। ਮੇਰਾ ਵਿਸ਼ਵਾਸ਼ ਹੈ ਕਿ ਧਰਮ ਕੰਮੇਆਣਾ ਦੀਆਂ ਇਹ 'ਨਵੀਆਂ ਪੈੜਾਂ' ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਨਵੀਆਂ ਪਗਡੰਡੀਆਂ ਸਿਰਜਣਗੀਆਂ।

**-ਡਾ. ਰਾਜਿੰਦਰਪਾਲ ਸਿੰਘ ਬਰਾੜ**

"ਉਪਰਾਮ ਮੌਸਮ" ਧਰਮ ਕੰਮੇਆਣਾ ਦਾ ਨਵਾਂ ਕਾਵਿ- ਸੰਗ੍ਰਹਿ ਹੈ ਜੋ ਰਸ, ਰੰਗ ਤੇ ਰੂਪ ਪੱਖੋਂ ਵਿਲੱਖਣ ਹੈ। ਇਸ ਵਿਚ ਅੱਜ ਦੇ ਮਨੁੱਖ ਦੀ ਮਨੋਸਥਿਤੀ, ਸਰੋਕਾਰ ਤੇ ਅਕਾਂਖਿਆ ਬਾਰੇ ਬੜੇ ਹੀ ਸਰਲ ਪਰ ਸਫ਼ਲ ਢੰਗ ਨਾਲ ਆਖਿਆ ਗਿਆ ਹੈ। ਪੜ੍ਹਦਿਆਂ ਪਾਠਕ ਮਹਿਸੂਸ ਕਰਦਾ ਹੈ ਜੋ ਮੈਂ ਕਹਿਣਾ ਚਾਹੁੰਦਾ ਸਾਂ ਪਰ ਕਹਿਣ ਦੀ ਸਮੱਰਥਾ ਤੇ ਜਾਚ ਨਹੀਂ ਸੀ, ਉਹ ਸਭ ਕੁਝ ਧਰਮ ਕੰਮੇਆਣੇ ਨੇ ਆਖ ਕੇ ਮੈਨੂੰ ਜ਼ੁਬਾਨ ਬਖਸ਼ੀ ਹੈ। ਕਵੀ ਦੀ ਕਵਿਤਾ ਅੱਜ ਦੇ ਪੰਜਾਬੀਆਂ ਦੀ ਮਨੋਦਸ਼ਾ ਦੀ ਅਭਿਵਿਅਕਤੀ ਹੈ। ਇਹੀ ਇਸ ਕਵਿਤਾ ਦੀ ਵਿਲੱਖਣਤਾ ਹੈ। ਪ੍ਰਾਪਤੀ ਹੈ।

ਅਜੋਕੇ ਵਰ੍ਹਿਆਂ ਵਿਚ ਅਣਗਿਣਤ 'ਕਵੀ ਜਨ' ਕਾਵਿ ਪ੍ਰਵਚਨ ਕਰਕੇ ਸਥਾਪਤ ਹੋਣ ਲਈ ਤਰਲੋਮੱਛੀ ਹਨ ਪਰ ਉਹਨਾਂ ਪਾਸ ਨਾ ਕੋਈ ਵਿਸ਼ੇਸ਼ ਕਹਿਣ ਲਈ ਹੈ, ਨਾ ਵਿਚਾਰਧਾਰਾ ਹੈ ਤੇ ਨਾ ਹੀ ਕਲਾ ਕੋਸ਼ਲਤਾ ਹੈ ਜਿਸ ਕਾਰਨ ਅਜੋਕੀ ਬਹੁਤੀ ਕਵਿਤਾ 'ਵਿਗੜੀ ਵਾਰਤਕ' ਬਣ ਕੇ ਰਹਿ ਗਈ ਹੈ। ਬਹੁਤੇ 'ਕਵੀ' ਵੱਡੇ ਤੇ ਸਥਾਪਿਤ ਕਵੀਆਂ ਦੇ ਖ਼ਿਆਲਾਂ ਨੂੰ ਚੋਰੀ ਕਰਕੇ ਆਪਣੀ ਅਲਪ ਸਮੱਰਥਾ ਅਨੁਸਾਰ ਪੇਸ਼ ਕਰਕੇ ਮਹਾਂਕਵੀ ਬਣਨ ਦੀ ਇੱਛਾ ਮਨ ਵਿਚ ਧਾਰੀ, ਲਿਖਣ ਵਿਚ ਮਸਰੂਫ਼ ਹਨ। ਪਰ ਉਹਨਾਂ ਦੀ ਪਛਾਣ ਨਹੀਂ ਬਣੀ ਤੇ ਨਾ ਹੀ ਭਵਿੱਖ ਵਿਚ ਬਣਨ ਦੀ ਕੋਈ ਸੰਭਾਵਨਾ ਹੈ। ਪਹਿਲੇ ਸਮਿਆਂ ਵਿਚ ਵੀ ਅਜਿਹਾ ਹੁੰਦਾ ਆਇਆ ਹੈ ਪਰ ਉਹ ਕਵੀਜਨ ਸਥਾਪਤ ਨਹੀਂ ਹੋ ਸਕੇ ਤੇ ਨਾ ਹੀ ਉਹਨਾਂ ਨੂੰ ਸਾਹਿਤ ਦੇ ਇਤਿਹਾਸਕਾਰਾਂ ਜਾਂ ਚਿੰਤਕਾਂ ਨੇ ਗੌਲਿਆ ਹੈ। ਜਦੋਂ ਪੰਜਾਬੀ ਕਵੀਆਂ ਦੀ ਸੂਚੀ ਬਣਦੀ ਹੈ ਤਾਂ ਉਹ ਵਿਚਾਰੇ ਤਾਂ "ਆਦਿ" ਵਿਚ ਹੀ ਸਮਾ ਜਾਂਦੇ ਹਨ। ਧਰਮ ਕੰਮੇਆਣਾ ਇਹਨਾ ਤਥਾਕਥਿਤ ਕਵੀਆਂ ਤੋਂ ਬਹੁਤ ਵੱਡਾ ਅਤੇ ਉੱਚ ਕੋਟੀ ਦਾ ਕਵੀ ਹੈ ਜਿਸ ਕਾਰਨ ਉਸ ਨੂੰ ਪੰਜਾਬੀ-ਪਾਠਕ ਮਿਲੇ ਹਨ। ਪੰਜਾਬੀ ਜਨਤਾ ਦਾ ਪਿਆਰ ਮਿਲਿਆ ਹੈ ਅਤੇ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਉਸ ਨੂੰ ਮਾਣਯੋਗ ਤੇ ਉੱਚਾ ਸਥਾਨ ਮਿਲਿਆ ਹੈ। ਧਰਮ ਕੰਮੇਆਣਾ ਅਜੋਕੇ/ਆਧੁਨਿਕ ਕਵੀਆਂ ਵਿਚ ਬੁਲੰਦ ਕੱਦ ਕਵੀ ਹੈ ਜੋ ਆਪਣੀ ਕਾਵਿ ਸਮਰਥਾ ਕਾਰਨ ਬਹੁ-ਚਰਚਿਤ ਹੈ ਅਤੇ ਇਹ ਨਿਰੰਤਰ ਕਾਵਿ ਸਾਧਨਾ ਕਰਨ ਵਾਲੇ ਕੁਝ ਕੁ ਕਵੀਆਂ ਵਿਚੋਂ ਹੈ ਜਿਹਨਾਂ ਦੀ ਕਾਵਿਕਲਾ ਤੇ ਵਿਚਾਰਧਾਰਾ ਦਾ ਨਿਰੰਤਰ ਵਿਕਾਸ ਤੇ ਵਿਗਾਸ ਹੋਇਆ ਹੈ। ਕਵੀ ਦੀ ਕਮਾਲ ਇਸ ਵਿਚ ਹੈ ਕਿ ਆਪਣੇ ਵਿਲੱਖਣ ਵਿਚਾਰਾਂ ਨੂੰ ਨਿਵੇਕਲੀ ਕਾਵਿਸ਼ੈਲੀ ਦੁਆਰਾ ਸਹਿਜ ਸੁਭਾ ਪ੍ਰਸਤੁਤ ਕਰਨ ਵਿਚ ਸਿੱਧ ਹਸਤ ਹੈ। ਇਹ ਸਹਿਜ ਕਾਵਿ ਕਲਾ ਦਾ ਪ੍ਰਮਾਣ ਹੈ। ਇਹੀ ਕਾਰਨ ਹੈ ਪੰਜਾਬੀ ਪਾਠਕਾਂ ਦੇ ਨਾਲ ਪੰਜਾਬੀ ਦੇ ਵਿਦਵਾਨ ਆਲੋਚਕਾਂ ਨੂੰ ਵੀ ਇਸ ਦੀ ਕਵਿਤਾ ਨੇ ਆਪਣੇ ਵੱਲ ਆਕਰਸ਼ਿਤ ਕੀਤਾ ਹੈ। ਧਰਮ ਕੰਮੇਆਣਾ ਸਹੀ ਅਰਥਾਂ ਵਿਚ ਲੋਕ ਕਵੀ ਹੈ ਕਿਉਂਕਿ ਉਸ ਦੀ ਕਵਿਤਾ ਲੋਕ ਮਨ ਦੀਆਂ ਤਾਂਘਾਂ, ਅਕਾਂਖਿਆਵਾਂ, ਉਦਾਸੀਆਂ, ਉਦਰੇਵਿਆਂ ਨੂੰ ਸ਼ਬਦਾਂ ਵਿਚ ਬੰਨ੍ਹ ਕੇ ਉਹਨਾਂ ਨੂੰ ਬੋਲ ਬਖਸ਼ਦੀ ਹੈ। ਕਵੀ ਦੀ ਕਵਿਤਾ ਦੀ ਵਿਚਾਰਧਾਰਾਈ ਵਿਸ਼ੇਸ਼ਤਾ ਇਹ ਹੈ

ਕਿ ਉਹ ਜ਼ਿੰਦਗੀ ਦੇ ਹਾਂ-ਪੱਖੀ ਸਰੋਕਾਰਾਂ ਨਾਲ ਜੁੜਿਆਂ ਹੋਇਆ ਹੈ। ਉਹ ਆਤਮਘਾਤ, ਨਿਰਾਸ਼ਾ, ਪਲਾਇਨਵਾਦ ਦੀ ਗੱਲ ਨਾ ਕਰਦਿਆਂ ਇਸ ਜੀਵਨ ਨੂੰ ਮਾਨਣ ਤੇ ਜੀਣ-ਥੀਣ ਲਈ ਪ੍ਰੇਰਨਾ ਦਿੰਦਾ ਹੈ। ਇਹ ਉਸ ਦੀ ਹਾਂ ਪੱਖੀ ਸੋਚ ਦਾ ਪੁਖਤਾ ਪ੍ਰਮਾਣ ਹੈ।

**-ਡਾ. ਗੁਰਮੁਖ ਸਿੰਘ**

ਧਰਮ ਕੰਮੇਆਣਾ ਦੁਆਰਾ ਸਿਰਜਤ ਕਾਵਿ-ਸੰਸਾਰ ਦਾ ਕਾਲ-ਕ੍ਰਮ ਪਿਛਲੇ ਦੋ ਦਹਾਕਿਆਂ ਤਕ ਫੈਲਿਆ ਹੋਇਆ ਹੈ। 'ਨਵੀਆਂ ਪੈੜਾਂ' ਉਸ ਦਾ ਅੱਠਵਾਂ ਕਾਵਿ ਸੰਗ੍ਰਹਿ ਹੈ। ਕੰਮੇਆਣਾ ਦਾ ਯਥਾਰਥ ਬੋਧ, ਪਿਛਲੇ ਦਹਾਕੇ ਵਿਚ ਆਈ ਪਦਾਰਥਕ ਤਬਦੀਲੀ ਚੋਂ ਉਪਜੇ ਰਿਸ਼ਤਿਆਂ ਦੀ ਤਬਦੀਲੀ ਦੇ ਯਥਾਰਥ ਅਨੁਭਵ ਚੋਂ ਉਪਜਿਆ ਹੈ। ਪੰਜਾਬ ਸਮਾਜਿਕ ਵਿਕਾਸ ਦੇ ਜਿਸ ਦੌਰ ਵਿਚੋਂ ਗੁਜ਼ਰ ਰਿਹਾ ਹੈ ਉਸ ਦੌਰ ਵਿਚ ਮੰਡੀ ਦੇ ਵਿਕਸਤ ਹੋਣ ਨਾਲ ਸ਼ਹਿਰੀਕਰਨ ਦੀ ਪ੍ਰਕ੍ਰਿਆ ਤੇਜ਼ ਹੋ ਰਹੀ ਹੈ। ਇਹ ਪ੍ਰੀਕ੍ਰਿਆ ਇਤਿਹਾਸਕ ਗਤੀਸ਼ੀਲਤਾ ਦਾ ਇਕ ਅਨਿਖੱੜਵਾਂ ਅੰਗ ਹੈ। ਇਸ ਗਤੀਸ਼ੀਲਤਾ ਦੇ ਫਲਸਰੂਪ ਪੰਜਾਬ ਸਭਿਆਚਾਰਕ ਰੂਪਾਂਤਰਣ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਸਭਿਆਚਾਰ ਰੂਪਾਂਤਰਣ ਦੇ ਸਨਮੁੱਖ ਨਵੀਆ ਜੀਵਨ ਕੀਮਤਾਂ ਦੇ ਨਵੇਂ ਮਾਡਲ ਦੀ ਸਿਰਜਣਾ ਕੰਮੇਆਣਾ ਦੁਆਰਾ ਸਿਰਜਤ ਕਾਵਿ ਸੰਗ੍ਰਹਿ 'ਨਵੀਆਂ ਪੈੜਾਂ' ਵਿਚੋਂ ਉਭਰਦੀ ਹੈ।

**-ਡਾ. ਰਜਨੀਸ਼ ਬਹਾਦਰ ਸਿੰਘ**

ਧਰਮ ਕੰਮੇਆਣਾ ਪੰਜਾਬੀ ਸ਼ਾਇਰੀ ਦਾ ਇੱਕ ਭਰ ਵਗਦਾ ਦਰਿਆ ਹੈ। ਉਸ ਨੇ ਪੰਜਾਬੀ ਸਾਹਿਤ ਦੇ ਖੇਤਰ ਵਿਚ ਗੀਤ, ਗ਼ਜ਼ਲ, ਕਵਿਤਾ, ਨਾਵਲ ਅਤੇ ਕਾਵਿ ਨਾਟ-ਆਦਿ ਰਚ ਕੇ ਆਪਣਾ ਜ਼ਿਕਰਯੋਗ ਹਿੱਸਾ ਪਾਇਆ ਹੈ। ਧਰਮ ਕੰਮੇਆਣਾ ਪੰਜਾਬੀ ਮਾਂ ਬੋਲੀ ਦਾ ਇੱਕ ਮਾਣਯੋਗ ਹਸਤਾਖ਼ਰ ਹੈ। ਉਸਨੇ ਪੰਜਾਬੀ ਗੀਤਕਾਰੀ ਨੂੰ ਸਾਹਿਤਕ ਰੰਗਣ ਦੇਣ ਦੇ ਨਾਲ-ਲਾਲ ਇੱਕ ਨਵਾਂ ਮੁਹਾਵਰਾ ਵੀ ਪ੍ਰਦਾਨ ਕੀਤਾ। ਧਰਮ ਕੰਮੇਆਣਾ ਪੰਜਾਬੀ ਮਾਂ ਬੋਲੀ ਦੀ ਸੇਵਾ ਦੇ ਨਾਂ ਤੇ ਆਪਣਾ ਡੰਗ ਸਾਰਦੀ ਭੀੜ ਦਾ ਨਾਅਰਾ ਨਹੀਂ ਬਣਦਾ ਸਗੋਂ ਸਮੇਂ ਦੇ ਸਲਵਾਨਾਂ ਤੇ ਭਾਰੂ ਰਹਿਣ ਵਾਲਾ ਪੂਰਨ ਹੈ। ਉਹ ਪਿਛਲੇ ਪੈਂਤੀ ਸਾਲਾਂ ਤੋਂ ਪੰਜਾਬੀ ਸਾਹਿਤ ਦੇ ਖੇਤਰ ਵਿਚ ਨਿਰੰਤਰ ਕਰਮਸ਼ੀਲ ਹੈ ਅਤੇ 'ਉਮਰਾਂ ਦੀ ਫੁਲਕਾਰੀ' ਉਸ ਦਾ ਪਿਛਲੇ ਪੈਂਤੀ ਬਰ੍ਹਿਆ ਦਾ ਕਾਵਿ-ਸਫ਼ਰ ਹੈ। 'ਉਮਰਾਂ ਦੀ ਫੁਲਕਾਰੀ' ਧਰਮ ਕੰਮੇਆਣਾ ਦੇ ਕਾਵਿਕ ਸਫ਼ਰ ਨੂੰ ਪੜਾਅ-ਦਰ-ਪੜਾਅ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ। ਧਰਮ ਕੰਮੇਆਣਾ ਦੀ ਕਵਿਤਾ ਵੇਗਮੱਤੀ ਹੋਣ ਦੇ ਨਾਲ ਨਾਲ ਤਿੱਖੀ ਚਿੰਤਨੀ ਸੁਰ ਵੀ ਰੱਖਦੀ ਹੈ। ਉਸ ਦੀ ਕਵਿਤਾ ਪੁਰਾਣੇ ਪਿੰਡ ਦੇ ਨਿੱਘ ਤੋਂ ਗਲੋਬਲ ਪਿੰਡ ਦੇ ਸੰਕਟਾਂ ਨਾਲ ਸੰਵਾਦ ਰਚਾਉਂਦੀ ਹੋਈ ਆਪਣੀ ਮਿੱਟੀ ਦਾ ਅਹਿਦ ਪਾਲਦੀ ਹੈ।

**-ਡਾ. ਮੋਹਨ ਤਿਆਗੀ**

**ਹਵਾਲਾ** : ਧਰਮ ਕੰਮੇਆਣਾ ਦਾ ਕਾਵਿ-ਚਿੰਤਨ ਬਹੁ-ਪੱਖੀ ਅਧਿਐਨ (ਆਲੋਚਨਾ)
ਸੰਪਾਦਕ : ਡਾ. ਸੁਖਜੀਤ ਕੌਰ
ਮੁੱਖ ਵਿਕਰੇਤਾ : ਮੈਸ: ਸੋਹਣ ਲਾਲ ਮਦਾਨ
21, ਮਿਊਂਸਪਲ ਮਾਰਕਿਟ, ਚੌਂਕ ਪੁਰਾਣੀ ਕੋਤਵਾਲੀ
ਪਟਿਆਲਾ -147001 (ਪੰਜਾਬ)